# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਸ਼ੁੱਕਰਵਾਰ, ਮਿਤੀ 27 ਸਤੰਬਰ, 2011 ਨੂੰ 11.00 ਵਜੇ ਸਵੇਰੇ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਨੇਟ ਹਾਲ ਵਿਖੇ ਹੋਈ ਯੂਨੀਵਰਸਿਟੀ ਸੈਨੇਟ ਦੀ ਇੱਕਤਰਤਾ ਦੀ ਕਾਰਵਾਈ।

ਹਾਜ਼ਰ:-

1. ਡਾ. ਏ.ਐਸ. ਬਰਾੜ . . . (ਸਭਾਪਤੀ)
   ਵਾਈਸ-ਚਾਂਸਲਰ
2. ਡਾ. ਅਮਰਜੀਤ ਸਿੰਘ ਸਿੱਧੂ
3. ਡਾ. ਆਦਰਸ਼ ਪਾਲ
4. ਡਾ. ਅਨੁਰਾਗ ਸ਼ਰਮਾ
5. ਮਿਸ ਅਨੂ
6. ਸ੍ਰੀਮਤੀ ਭੁਪਿੰਦਰ ਕੌਰ
7. ਡਾ. ਚਰਨਜੀਤ ਸਿੰਘ ਬੱਲ
8. ਡਾ. ਗੁਰਨਾਮ ਕੌਰ ਬੇਦੀ
9. ਡਾ. ਹਰਚੰਦ ਸਿੰਘ ਬੇਦੀ
10. ਸ. ਹਰਚਰਨ ਸਿੰਘ
11. ਡਾ. ਜੇ.ਐਸ. ਬੱਲ
12. ਡਾ. ਜਸਪਾਲ ਸਿੰਘ
13. ਡਾ. ਜਸਪਾਲ ਸਿੰਘ ਰੰਧਾਵਾ
14. ਸ. ਜਗਦੀਸ਼ ਸਿੰਘ
15. ਸ. ਕਿਰਨਜੀਤ ਸਿੰਘ ਬਾਵਾ
16. ਸ੍ਰੀ ਕਮਲਪਾਲ ਸਿੰਘ ਰੰਧਾਵਾ
17. ਬਰਗੇਡੀਅਰ ਕੁਲਦੀਪ ਸਿੰਘ ਕਾਹਲੋਂ
18. ਪ੍ਰੋ. ਮਨਜੀਤ ਸਿੰਘ, ਜਲੰਧਰ
19. ਪ੍ਰੋ. ਮਨਜੀਤ ਸਿੰਘ, ਪਟਿਆਲਾ
20. ਡਾ. ਮੰਨਣ ਸਚਦੇਵਾ
21. ਸ੍ਰੀ ਮੁਨੀਸ਼ ਗੁਪਤਾ
22. ਸ. ਨਾਨਕ ਸਿੰਘ
23. ਸ. ਪਰਮਜੀਤ ਸਿੰਘ ਮਹੂਰਾ
24. ਡਾ. ਪੀ.ਕੇ. ਸਹਿਜਪਾਲ
25. ਡਾ. ਪਰਮਜੀਤ ਸਿੰਘ ਸਿੱਧੂ

26. ਡਾ. ਰਜਿੰਦਰਜੀਤ ਕੌਰ,
    ਡੀਨ, ਅਕਾਦਮਿਕ ਮਾਮਲੇ
27. ਡਾ. ਰਾਧਾ ਸ਼ਰਮਾ
28. ਡਾ. ਰਾਕੇਸ਼ ਮਹਾਜਨ
29. ਡਾ. ਰਜਿੰਦਰ ਕੁਮਾਰ
30. ਪ੍ਰੋ. ਆਰ.ਕੇ. ਪਰਾਸ਼ਰ
31. ਡਾ. (ਮਿਸਿਜ਼) ਰੇਖਾ
32. ਡਾ. ਸੁਰਿੰਦਰਪਾਲ ਕੌਰ ਢਿੱਲੋਂ
33. ਡਾ. ਐਸ.ਕੇ. ਮੋਡਗਿੱਲ
34. ਡਾ. ਐਸ.ਐਸ. ਜੌਹਲ
35. ਡਾ. ਸੁਰਜੀਤ ਪਾਤਰ
36. Fr. Simon Kalladayal
37. ਪ੍ਰੋ. ਸ਼ਰਨਜੀਤ ਸਿੰਘ ਢਿੱਲੋਂ
38. ਡਾ. ਸਤੀਸ਼ ਵਰਮਾ
39. ਡਾ. ਸ਼ਸੀ ਕਾਂਤਾ
40. ਸ੍ਰੀ ਸਚਿਨ ਕਾਲੜਾ
41. ਡਾ. ਵਿਕਰਮ ਚੱਢਾ
42. ਡਾ. ਵਿਨੇ ਮਹਿਰਾ
43. ਡਾ. ਇੰਦਰਜੀਤ ਸਿੰਘ, . . . (ਸਕੱਤਰ)
    ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਵਾਈਸ-ਚਾਂਸਲਰ ਸਾਹਿਬ ਨੇ ਸੈਨੇਟ ਦੇ ਪਹਿਲਾ ਰਹਿ ਚੁੱਕੇ ਮੈਂਬਰ ਸਾਹਿਬਾਨ ਡਾ. ਏ.ਜੇ.ਐਸ. ਭੰਵਰ, ਡਾ. ਬਰਕਤ ਅਲੀ, ਡਾ. ਤੇਜਿੰਦਰ ਕੌਰ ਮਾਨ, ਡਾ. ਪਰਮਿੰਦਰ ਸਿੰਘ, ਸ੍ਰੀਮਤੀ ਕਰਮਜੀਤ ਚੌਧਰੀ, ਮਿਸਿਜ਼ ਨਿਰਮਲ ਪਾਂਧੀ, ਡਾ. ਰੂਪਾ ਸੈਣੀ, ਮਿਸਿਜ਼ ਊਸ਼ਾ ਕਪੂਰ, ਪ੍ਰੋ. ਵਿਰਸਾ ਸਿੰਘ ਵਲਟੋਹਾ, ਸ. ਲਖਬੀਰ ਸਿੰਘ ਲੋਧੀਨੰਗਲ ਅਤੇ ਸ੍ਰੀ ਰਚਿਤ ਗਰਗ ਵੱਲੋਂ ਉਨ੍ਹਾਂ ਨੂੰ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ।

ਵਾਈਸ-ਚਾਂਸਲਰ ਸਾਹਿਬ ਨੇ ਦੱਸਿਆ ਕਿ ਸੈਨੇਟ ਉਤੇ ਡਾ. ਵਿਕਰਮ ਚੱਢਾ, ਸ. ਪਰਮਜੀਤ ਸਿੰਘ ਮਹੂਰਾ, ਡਾ. ਸੁਰਿੰਦਰਪਾਲ ਕੌਰ ਢਿੱਲੋਂ, ਡਾ. ਰਜਿੰਦਰ ਕੁਮਾਰ, ਡਾ. ਪੀ.ਕੇ. ਸਹਿਜਪਾਲ, ਸ੍ਰੀਮਤੀ ਭੁਪਿੰਦਰ ਕੌਰ, ਡਾ. ਗੁਰਨਾਮ ਕੌਰ ਬੇਦੀ, ਡਾ. ਜਸਪਾਲ ਸਿੰਘ ਰੰਧਾਵਾ, ਡਾ. ਹਰਚੰਦ ਸਿੰਘ ਬੇਦੀ ਅਤੇ ਸ੍ਰੀ ਕਮਲਪਾਲ ਸਿੰਘ ਨਵੇਂ ਮੈਂਬਰਾਂ ਦੀ ਨਿਯੁਕਤੀ ਹੋਈ ਹੈ। ਉਨ੍ਹਾਂ ਮੈਂਬਰ ਸਾਹਿਬਾਨ ਨੂੰ ਇਕੱਤਰਤਾ ਵਿਚ ਸ਼ਾਮਿਲ ਹੋਣ ਲਈ 'ਜੀ ਆਇਆਂ' ਆਖਿਆ ਅਤੇ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਪੂਰਨ ਸਹਿਯੋਗ ਦੇਂਦੇ ਰਹਿਣਗੇ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

**ਸੈਨੇਟ ਦੀਆਂ ਇੱਕਤਰਤਾਵਾਂ ਮਿਤੀ 1.3.2011 ਅਤੇ 11.3.2011 ਦੀ ਕਾਰਵਾਈ ਦੀ ਪੁਸ਼ਟੀ।**

1. ਸੈਨੇਟ ਦੀਆਂ ਇੱਕਤਰਤਾਵਾਂ ਮਿਤੀ 1.3.2011 ਅਤੇ 11.3.2011 ਦੀ ਕਾਰਵਾਈ ਦੀ ਪੁਸ਼ਟੀ ਕਰਨ 'ਤੇ ਵਿਚਾਰ ਹੋਈ।

**ਪਾਸ ਹੋਇਆ** ਕਿ ਸੈਨੇਟ ਦੀਆਂ ਇੱਕਤਰਤਾਵਾਂ ਮਿਤੀ 1.3.2011 ਅਤੇ 11.3.2011 ਦੀ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

**ਸੈਨੇਟ ਦੀਆਂ ਇੱਕਤਰਤਾਵਾਂ ਮਿਤੀ 1.3.2011 ਅਤੇ 11.3.2011 ਦੇ ਨਿਰਣਿਆਂ ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।**

2. ਸੈਨੇਟ ਦੀਆਂ ਇੱਕਤਰਤਾਵਾਂ ਮਿਤੀ 1.3.2011 ਅਤੇ 11.3.2011 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ (**ਅੰਤਿਕਾਵਾਂ** ਅਨੁਸਾਰ) **ਨੋਟ** ਕੀਤੀ ਗਈ।

**ਸੈਨੇਟ ਦੇ ਮੈਂਬਰਾਂ ਵਿਚੋਂ ਸਿੰਡੀਕੇਟ ਲਈ ਤਿੰਨ ਵਿਅਕਤੀਆਂ ਦੀ ਚੋਣ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।**

3. ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ 14(1) ਦੀ ਧਾਰਾ (viii) ਅਧੀਨ ਮਿਤੀ 1.7.2011 ਤੋਂ 30.6.2012 ਤੱਕ ਦੇ ਸਮੇਂ ਲਈ ਸੈਨੇਟ ਵੱਲੋਂ ਆਪਣੇ ਮੈਂਬਰਾਂ ਵਿਚੋਂ ਸਿੰਡੀਕੇਟ ਲਈ ਤਿੰਨ ਵਿਅਕਤੀਆਂ ਦੀ ਚੋਣ ਸਬੰਧੀ ।

ਸਰਬਸੰਮਤੀ ਨਾਲ **ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ 14(1) ਦੀ ਧਾਰਾ (viii) ਅਧੀਨ ਮਿਤੀ 1.7.2011 ਤੋਂ 30.6.2012 ਤੱਕ ਦੇ ਸਮੇਂ ਲਈ ਸੈਨੇਟ ਵੱਲੋਂ ਆਪਣੇ ਮੈਂਬਰਾਂ ਵਿਚੋਂ ਸਿੰਡੀਕੇਟ ਲਈ ਤਿੰਨ ਵਿਅਕਤੀਆਂ ਦੀ ਚੋਣ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਯੂਨੀਵਰਸਿਟੀ ਦੀ 41ਵੀਂ ਸਾਲਾਨਾ ਰਿਪੋਰਟ ਦੀ ਪਰਵਾਨਗੀ।**

4. ਸਾਲ 2010 ਲਈ ਯੂਨੀਵਰਸਿਟੀ ਦੀ 41ਵੀਂ ਸਾਲਾਨਾ ਰਿਪੋਰਟ (**ਅੰਤਿਕਾ** ਅਨੁਸਾਰ) ਉੱਤੇ ਵਿਚਾਰ ਹੋਈ।

ਰਜਿਸਟਰਾਰ ਸਾਹਿਬ ਨੇ ਦੱਸਿਆ ਕਿ –

ਸਾਲ 2010 ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਇਤਿਹਾਸ ਵਿਚ ਅਹਿਮ ਪ੍ਰਾਪਤੀਆਂ ਦਾ ਵਰ੍ਹਾ ਰਿਹਾ। ਯੂਨੀਵਰਸਿਟੀ ਵੱਲੋਂ ਸਿੱਖਿਆ ਦੇ ਆਧੁਨਿਕੀਕਰਨ ਵਾਸਤੇ ਮਹੱਤਵਪੂਰਨ ਉਪਰਾਲੇ ਕੀਤੇ ਗਏ। ਇਸੇ ਵਰ੍ਹੇ ਦੌਰਾਨ ਹੀ ਸਿੱਖਿਆ ਨੂੰ ਆਮ ਪੇਂਡੂ ਜਨਤਾ ਤਕ ਪਹੁੰਚਾਉਣ ਲਈ ਵੀ ਮਹੱਤਵਪੂਰਨ ਫੈਸਲੇ ਲਏ ਗਏ। ਯੂਨੀਵਰਸਿਟੀ ਨੇ ਅਕਾਦਮਿਕ, ਖੋਜ ਅਤੇ ਖੇਡਾਂ ਦੇ ਖੇਤਰ ਵਿਚ ਅਹਿਮ ਪ੍ਰਾਪਤੀਆਂ ਕੀਤੀਆਂ। ਦੇਸ਼ ਅਤੇ ਵਿਦੇਸ਼ ਦੀਆਂ ਮਹੱਤਵਪੂਰਨ ਸੰਸਥਾਵਾਂ ਨਾਲ ਕਈ ਅਕਾਦਮਿਕ ਸਮਝੌਤੇ ਕੀਤੇ ਗਏ।

ਮਾਨਯੋਗ ਵਾਈਸ-ਚਾਂਸਲਰ, ਪ੍ਰੋਫੈਸਰ ਅਜਾਇਬ ਸਿੰਘ ਬਰਾੜ ਜੀ ਦੀ ਸੁਯੋਗ ਅਤੇ ਸੁਚੱਜੀ ਅਗਵਾਈ ਵਿਚ ਯੂਨੀਵਰਸਿਟੀ ਨੇ ਬਹੁਪੱਖੀ ਵਿਕਾਸ ਕੀਤਾ। ਅੱਜ ਦੇ ਆਧੁਨਿਕ ਯੁੱਗ ਵਿੱਚ ਬਹੁਤ ਸਾਰੇ ਮਹੱਤਵਪੂਰਨ ਪ੍ਰੋਜੈਕਟ ਸ਼ੁਰੂ ਕੀਤੇ ਗਏ ਅਤੇ ਵਿਦਿਆਰਥੀਆਂ ਦੀ ਮੰਗ ਨੂੰ ਧਿਆਨ ਵਿਚ ਰੱਖਦੇ ਹੋਏ ਕੁੱਝ ਕੋਰਸਾਂ ਵਿਚ ਸੀਟਾਂ ਵਧਾਉਣ ਦਾ ਫੈਸਲਾ ਵੀ ਲਿਆ ਗਿਆ। ਯੂਨੀਵਰਸਿਟੀ ਦਾ ਵਿਤੀ ਬੋਝ ਘੱਟ ਕਰਨ ਲਈ ਆਮਦਨ ਦੇ ਵੱਧ ਤੋਂ ਵੱਧ ਵਸੀਲਿਆਂ ਲਈ ਯੋਜਨਾ ਬਣਾਈਆਂ ਗਈਆਂ। ਇਸ ਦੇ ਨਾਲ-ਨਾਲ ਮਹੱਤਵਪੂਰਨ ਫੈਸਲਿਆਂ ਨੂੰ ਸੁਹਿਰਦਤਾ ਅਤੇ ਸੰਜੀਦਗੀ ਨਾਲ ਅਮਲੀ ਰੂਪ ਦਿੱਤਾ ਗਿਆ। ਇਨ੍ਹਾਂ ਮਹੱਤਵਪੂਰਨ ਪ੍ਰਾਪਤੀਆਂ ਸਦਕਾ ਹੀ ਅੱਜ ਇਹ ਯੂਨੀਵਰਸਿਟੀ ਦੇਸ਼ ਦੀਆਂ ਮੋਹਰਲੀ ਕਤਾਰ ਦੀਆਂ ਯੂਨੀਵਰਸਿਟੀਆਂ ਵਿਚ ਆਉਂਦੀ ਹੈ।

ਇਹ ਯੂਨੀਵਰਸਿਟੀ NAAC ਵਲੋਂ ਏ ਗਰੇਡ (ਸੀ.ਜੀ.ਪੀ.ਏ. 4 ਵਿਚੋਂ 3.5 ਅੰਕ) ਮਾਨਤਾ ਪ੍ਰਾਪਤ ਯੂਨੀਵਰਸਿਟੀ ਹੈ। ਇਸ ਵਰ੍ਹੇ ਇਹ ਯੂਨੀਵਰਸਿਟੀ ਪੋਟੈਂਸ਼ੀਅਲ ਫਾਰ ਐਕਸੀਲੈਂਸ ਵਾਸਤੇ ਨਿਰੀਖਣ ਲਈ ਚੁਣੀਆਂ ਗਈਆਂ ਭਾਰਤ ਦੀਆਂ 10 ਯੂਨੀਵਰਸਿਟੀਆਂ ਵਿਚ ਸ਼ਾਮਿਲ ਹੈ।ਜੇਕਰ ਸਾਡੀ ਯੂਨੀਵਰਸਿਟੀ ਪਹਿਲੀਆਂ ਛੇ ਯੂਨੀਵਰਸਿਟੀਆਂ ਵਿਚ ਆਉਂਦੀ ਹੈ ਤਾਂ ਸਾਨੂੰ 50 ਕਰੋੜ ਰੁਪਏ ਦੀ ਗ੍ਰਾਂਟ ਮਿਲੇਗੀ। ਇੰਡੀਆ ਟੂਡੇ ਵਲੋਂ ਮਈ 2010 ਵਿਚ ਕਰਵਾਏ ਗਏ ਇਕ ਸਰਵੇ ਦੌਰਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਭਾਰਤ ਦੀਆਂ ਪਹਿਲੀਆਂ 50 ਯੂਨੀਵਰਸਿਟੀਆਂ ਵਿਚੋਂ 16ਵਾਂ ਸਥਾਨ ਰਖਦੀ ਹੈ।

ਵਾਈਸ-ਚਾਂਸਲਰ, ਪ੍ਰੋ. ਬਰਾੜ ਜੀ ਦੇ ਸੁਹਿਰਦ ਯਤਨਾਂ ਸਦਕਾ ਭਾਰਤ ਸਰਕਾਰ ਦੇ ਮਾਨਵੀ ਸਰੋਤ ਵਿਕਾਸ ਮੰਤਰਾਲੇ ਅਤੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ 47 ਕਰੋੜ 5 ਲੱਖ ਰੁਪਏ ਦੀ ਲਾਗਤ ਨਾਲ ਸੈਂਟਰ ਫਾਰ ਸਟੱਡੀਜ਼ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ ਸਥਾਪਿਤ ਕਰਨ ਦੀ ਪ੍ਰਵਾਨਗੀ ਪ੍ਰਾਪਤ ਹੋ ਚੁੱਕੀ ਹੈ।

ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਰਕਾਰੀ ਕਾਲਜ, ਸਠਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜ਼ਨਲ ਕੈਂਪਸ, ਫੱਤੂਢੀਂਗਾ, ਸੁਲਤਾਨਪੁਰ ਲੋਧੀ ਵਿਖੇ

ਯੂਨੀਵਰਸਿਟੀ ਰਿਜਨਲ ਕੈਂਪਸ ਚਾਲੂ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ। ਯੂਨੀਵਰਸਿਟੀ ਨੇ ਇਹ ਯਤਨ ਕੀਤਾ ਹੈ ਕਿ ਵਿਸ਼ਵ ਪੱਧਰ ਦੀਆਂ ਚੁਣੌਤੀਆਂ ਨੂੰ ਸਨਮੁੱਖ ਰੱਖਦਿਆਂ ਸੂਚਨਾ ਤਕਨਾਲੋਜੀ ਤੇ ਕੰਪਿਊਟਰ ਸਿੱਖਿਆ ਨਾਲ ਸਬੰਧਤ ਕੋਰਸਾਂ ਅਤੇ ਰਵਾਇਤੀ ਕੋਰਸਾਂ ਵਿਚਾਲੇ ਸੰਤੁਲਨ ਬਣਿਆ ਰਹੇ।

ਯੂਨੀਵਰਸਿਟੀ ਦੀ 36ਵੀਂ ਸਾਲਾਨਾ ਕਨਵੋਕੇਸ਼ਨ ਮੌਕੇ ਪੰਜਾਬ ਦੇ ਗਵਰਨਰ ਤੇ ਯੂਨੀਵਰਸਿਟੀ ਦੇ ਚਾਂਸਲਰ, ਸ੍ਰੀ ਸ਼ਿਵਰਾਜ ਵਿਸ਼ਵਨਾਥ ਪਾਟਿਲ ਨੇ ਕੈਨੇਡਾ ਦੀ ਯੂਨੀਵਰਸਿਟੀ ਆਫ ਮੈਨੀਟੋਬਾ ਦੇ ਕਾਰਡੀਓਵੈਸਕੁਲਰ ਡੀਵੈਲਪਮੈਂਟਸ, ਸੇਂਟ ਬੌਨੀਫੇਸ ਜਨਰਲ ਹਸਪਤਾਲ ਅਤੇ ਖੋਜ ਕੇਂਦਰ ਦੇ ਡਾਇਰੈਕਟਰ ਡਾ. ਨਰੰਜਣ ਸਿੰਘ ਢੱਲਾ ਨੂੰ ਕੈਮੀਕਲ ਅਤੇ ਫਾਰਮਾਸਿਊਟੀਕਲ ਸਾਇੰਸਜ਼ ਦੇ ਖੇਤਰ ਵਿਚ ਅਤੇ ਸ਼੍ਰੋਮਣੀ ਕਵੀ ਡਾ. ਸੁਰਜੀਤ ਪਾਤਰ ਨੂੰ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਖੇਤਰ ਵਿੱਚ ਪਾਏ ਮਹੱਤਵਪੂਰਨ ਯੋਗਦਾਨ ਲਈ ਕ੍ਰਮਵਾਰ ਫੈਕਲਟੀ ਆਫ ਲਾਈਫ ਸਾਇੰਸਜ਼ ਅਧੀਨ ਡਾਕਟਰ ਆਫ ਸਾਇੰਸ (ਆਨਰਜ਼ ਕਾਜ਼ਾ) ਅਤੇ ਭਾਸ਼ਾਵਾਂ ਫੈਕਲਟੀ ਅਧੀਨ ਡਾਕਟਰ ਆਫ ਲਿਟਰੇਚਰ (ਆਨਰਜ਼ ਕਾਜ਼ਾ) ਦੀਆਂ ਡਿਗਰੀਆਂ ਨਾਲ ਸਨਮਾਨਿਤ ਕੀਤਾ।

ਯੂਨੀਵਰਸਿਟੀ ਪੱਛੜੇ ਜ਼ਿਲਿਆਂ ਵਿਚ ਵੀ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਕਾਰਜਸ਼ੀਲ ਵੀ। ਇਸੇ ਮੰਤਵ ਨੂੰ ਲੈ ਕੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੀ ਸਕੀਮ ਅਧੀਨ ਯੂਨੀਵਰਸਿਟੀ ਨਾਲ ਸਬੰਧਤ ਸਿੱਖਿਆ ਵਿਚ ਪੱਛੜੇ ਤਿੰਨ ਜ਼ਿਲਿਆਂ ਵਿਚ ਨਿਊ ਮਾਡਲ ਕਾਲਜ ਖੋਲ੍ਹਣ ਲਈ ਇਸ ਵਰ੍ਹੇ ਅਹਿਮ ਫੈਸਲਾ ਲਿਆ ਗਿਆ। ਇਨ੍ਹਾਂ ਜ਼ਿਲਿਆਂ ਵਿਚ ਗੁਰਦਾਸਪੁਰ ਦਾ ਪਿੰਡ ਨਰੋਟ ਜੈਮਲ ਸਿੰਘ, ਤਰਨ ਤਾਰਨ ਦਾ ਪਿੰਡ ਚੁੰਗ, ਕਪੂਰਥਲਾ ਦਾ ਪਿੰਡ ਮਿਠੜਾ ਅਤੇ ਅੰਮ੍ਰਿਤਸਰ ਵਿੱਚ ਵੇਰਕਾ ਸ਼ਾਮਿਲ ਹਨ।

ਵਾਈਸ-ਚਾਂਸਲਰ, ਪ੍ਰੋ. ਅਜਾਇਬ ਸਿੰਘ ਬਰਾੜ ਦੇ ਸੁਹਿਰਦ ਯਤਨਾਂ ਸਦਕਾ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਨਿੱਜੀ ਦਿਲਚਸਪੀ ਕਰਕੇ ਪੇਂਡੂ ਬੱਚਿਆਂ ਨੂੰ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ ਵਿਚ ਦਾਖਲੇ ਲਈ ਦਾਖਲਾ ਪ੍ਰੀਖਿਆ ਦੀ ਤਿਆਰੀ ਵਾਸਤੇ ਖਾਲਸਾ ਕਾਲਜ ਪਬਲਿਕ ਸਕੂਲ, ਅੰਮ੍ਰਿਤਸਰ ਵਿਚ ਸੈਂਟਰ ਖੋਲ੍ਹਣ ਦੀ ਪ੍ਰਵਾਨਗੀ ਪ੍ਰਾਪਤ ਹੋਈ। ਇਸ ਕੋਰਸ ਦਾ ਲਗਪਗ ਇਕ ਵਰ੍ਹਾਂ ਮੁਕੰਮਲ ਹੋ ਚੁੱਕਾ ਹੈ।

ਯੂਨੀਵਰਸਿਟੀ ਦੇ ਅਧਿਆਪਨ ਵਿਭਾਗਾਂ ਵਲੋਂ ਪੜ੍ਹਾਈ ਤੇ ਖੋਜ ਦੇ ਨਾਲ-ਨਾਲ ਅਕਾਦਮਿਕ ਸਰਗਰਮੀਆਂ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਗਿਆ। ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਕਾਨਫਰੰਸ, ਸੈਮੀਨਾਰ, ਵਰਕਸ਼ਾਪ ਅਤੇ ਗੋਸ਼ਟੀਆਂ ਕਰਵਾਈਆਂ ਗਈਆਂ। ਇਸ ਤੋਂ ਇਲਾਵਾ ਪ੍ਰਮੁੱਖ ਸ਼ਖਸੀਅਤਾਂ ਦੇ ਨਾਂ 'ਤੇ ਸਥਾਪਤ ਹੋਏ ਵਿਸ਼ੇਸ਼ ਮੈਮੋਰੀਅਲ ਲੈਕਚਰ ਵੀ ਕਰਵਾਏ ਗਏ।

ਯੂਨੀਵਰਸਿਟੀ ਅਤੇ ਅੰਤਰਰਾਸ਼ਟਰੀ ਪੱਧਰ ਦੀ ਟੈਕਸਟਾਈਲ ਡਾਈਜ਼ ਤੇ ਕੈਮੀਕਲਜ਼ ਬਣਾਉਣ ਵਾਲੀ ਕੰਪਨੀ ਡਾਈਸਟਾਰ ਇੰਡੀਆ, ਪ੍ਰਾਈਵੇਟ ਲਿਮਟਿਡ, ਮੁੰਬਈ ਵਿਚਕਾਰ ਤਕਨੀਕੀ ਸਹਿਯੋਗ ਸਬੰਧੀ ਇਕ ਸਮਝੌਤਾ ਹੋਇਆ ਹੈ।

ਇਸ ਤੋਂ ਇਲਾਵਾ ਯੂਨੀਵਰਸਿਟੀ ਵੱਲੋਂ ਵੱਖ-ਵੱਖ ਵਿਸ਼ਿਆਂ 'ਤੇ ਭਾਸ਼ਣ ਕਰਵਾਏ ਗਏ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇਸ਼ ਦੀ ਇਕੋ-ਇਕ ਯੂਨੀਵਰਸਿਟੀ ਹੈ, ਜਿਸ ਨੇ ਖੇਡਾਂ ਦੇ ਖੇਤਰ ਵਿਚ ਆਪਣੀ ਸਰਦਾਰੀ ਕਾਇਮ ਰੱਖਦਿਆਂ ਇਸ ਵਾਰ (ਇੱਕੀਵੀਂ ਵਾਰ) ਵੀ ਦੇਸ਼ ਦੀ ਸਰਵਉੱਚ ਮੌਲਾਨਾ ਅਬੁਲ ਕਲਾਮ ਆਜ਼ਾਦ ਟਰਾਫੀ ਜਿੱਤੀ ਹੈ। ਯੂਨੀਵਰਸਿਟੀ ਨੇ ਇਸ ਵਾਰ ਭਰਤਿਆਰ ਯੂਨੀਵਰਸਿਟੀ, ਕੋਇੰਬਟੂਰ ਵਿਚ ਹੋਈ ਆਲ ਇੰਡੀਆ ਇੰਟਰ-ਯੂਨੀਵਰਸਿਟੀ ਫੁੱਟਬਾਲ ਚੈਂਪੀਅਨਸ਼ਿਪ ਜਿੱਤੀ। ਯੂਨੀਵਰਸਿਟੀ ਆਫ ਮਦਰਾਸ, ਚੇਨਈ ਵਿਚ ਹੋਈ ਲੜਕਿਆਂ ਦੀ ਐਥਲੈਟਿਕ ਚੈਂਪੀਅਨਸ਼ਿਪ ਵੀ ਜਿੱਤੀ। ਐਮ.ਐਲ. ਸੁਖਾਡੀਆ ਯੂਨੀਵਰਸਿਟੀ, ਉਦੈਪੁਰ ਵਿਚ ਹੋਈ ਇਸਤਰੀ ਤੇ ਪੁਰਸ਼ਾਂ ਦੀ ਤੀਰ-ਅੰਦਾਜ਼ੀ ਚੈਂਪੀਅਨਸ਼ਿਪ ਵਿਚ ਛੇ ਗੋਲਡ ਮੈਡਲ, 12 ਸਿਲਵਰ ਮੈਡਲ ਅਤੇ 9 ਬਰੌਂਜ ਮੈਡਲ ਹਾਸਲ ਕੀਤੇ। ਯੂਨੀਵਰਸਿਟੀ ਵਿਚ ਹੋਈ ਆਲ ਇੰਡੀਆ ਇੰਟਰ ਯੂਨੀਵਰਸਿਟੀ ਸਾਫਟਬਾਲ ਚੈਂਪੀਅਨਸ਼ਿਪ ਵੀ ਜਿੱਤੀ,

ਯੂਨੀਵਰਸਿਟੀ ਵਿਖੇ ਕੇਂਦਰ ਸਰਕਾਰ ਦੇ ਯੁਵਕ ਤੇ ਖੇਡ ਮੰਤਰਾਲੇ ਦੇ ਸਹਿਯੋਗ ਨਾਲ ਪੁਰਾਣੀ ਹਾਕੀ ਐਸਟਰੋਟਰਫ ਦੀ ਥਾਂ ਨਵੀਂ ਲਗਾਈ ਗਈ ਐਸਟਰੋਟਰਫ ਦਾ ਉਦਘਾਟਨ ਉਸ ਵੇਲੇ ਦੇ ਯੁਵਕ ਤੇ ਖੇਡ ਮੰਤਰੀ ਡਾ. ਮਨੋਹਰ ਸਿੰਘ ਗਿੱਲ ਨੇ ਕੀਤਾ। ਇਸ ਤੋਂ ਇਲਾਵਾ ਖੇਡ ਵਿਭਾਗ ਵੱਲੋਂ ਸਪੋਰਟਸ ਅਥਾਰਟੀ ਆਫ ਇੰਡੀਆ ਦੇ ਸਹਿਯੋਗ ਨਾਲ ਇਸਤਰੀਆਂ ਦਾ ਆਲ ਇੰਡੀਆ ਹੈਂਡਬਾਲ ਕੋਚਿੰਗ ਕੈਂਪ ਲਾਇਆ ਗਿਆ।

ਸਭਿਆਚਾਰਕ ਖੇਤਰ ਵਿਚ ਵੀ ਇਹ ਯੂਨੀਵਰਸਿਟੀ ਪੰਜਾਬ ਦੀਆਂ ਹੀ ਨਹੀਂ, ਸਗੋਂ ਦੇਸ਼ ਦੀਆਂ ਯੂਨੀਵਰਸਿਟੀਆਂ ਵਿਚ ਵੀ ਅੱਗੇ ਹੈ। ਇਸ ਵਰ੍ਹੇ ਯੂਨੀਵਰਸਿਟੀ ਨੇ ਬੁੰਦੇਲਖੰਡ ਯੂਨੀਵਰਸਿਟੀ, ਝਾਂਸੀ ਵਿਖੇ ਹੋਏ ਨਾਰਥ ਜ਼ੋਨ ਅੰਤਰ-ਯੂਨੀਵਰਸਿਟੀ ਯੂਥ ਫੈਸਟੀਵਲ ਵਿਚ ਓਵਰਆਲ ਚੈਂਪੀਅਨਸ਼ਿਪ ਹਾਸਲ ਕਰਨ ਦੇ ਨਾਲ-ਨਾਲ ਸੰਗੀਤ, ਲਿਟਰੇਰੀ ਦੇ ਮੁਕਾਬਲੇ ਵਿਚ ਟਰਾਫੀਆਂ ਵੀ ਜਿੱਤੀਆਂ। ਆਲ ਇੰਡੀਆ ਇੰਟਰ-ਵਰਸਿਟੀ ਯੂਥ ਫੈਸਟੀਵਲ ਵਿਚੋਂ ਰਨਰ ਅੱਪ ਟਰਾਫੀ ਵੀ ਜਿੱਤੀ।

ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਅਤੇ ਫਿਲਾਸਫੀ ਨੂੰ ਪ੍ਰਚਾਰਨ ਤੇ ਪ੍ਰਸਾਰਨ ਲਈ ਯੂਨੀਵਰਸਿਟੀ ਵੱਡੇ ਪੱਧਰ 'ਤੇ ਉਪਰਾਲੇ ਕਰ ਰਹੀ ਹੈ। ਗੁਰੂ ਨਾਨਕ ਅਧਿਐਨ ਵਿਭਾਗ ਵੱਲੋਂ ਵੀ ਗੁਰੂ ਨਾਨਕ ਦੇਵ ਜੀ ਦੇ ਜੀਵਨ, ਵਿਚਾਰਧਾਰਾ ਤੇ ਬਾਣੀ ਬਾਰੇ ਖੋਜ ਕਾਰਜ ਕੀਤੇ ਗਏ ਅਤੇ ਸੈਮੀਨਾਰ ਵੀ ਕਰਵਾਏ ਗਏ।

ਯੂਨੀਵਰਸਿਟੀ ਵੱਲੋਂ ਇਸ ਸਰਹੱਦੀ ਖੇਤਰ ਦੇ ਸਿੱਖਿਆ ਅਤੇ ਰੁਜ਼ਗਾਰ ਦੇ ਖੇਤਰ ਵਿਚ ਪਛੜੇ ਲੋਕਾਂ ਲਈ ਵੀ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ। ਕੈਂਪਸ ਵਿਚ ਵੀ ਅਤੇ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਵਿਚ ਵੀ ਗਰੀਬ ਤੇ ਲੋੜਵੰਦ ਵਿਦਿਆਰਥੀਆਂ ਨੂੰ ਮੁਫਤ ਸਿੱਖਿਆ ਦੀ ਸਹੂਲਤ ਦਿੱਤੀ ਗਈ। ਇਸ ਖਿੱਤੇ ਦੀਆਂ ਲੜਕੀਆਂ ਲਈ ਸਵੈ-ਰੁਜ਼ਗਾਰ ਵਾਸਤੇ ਜਿੱਥੇ ਕੈਂਪਸ ਵਿਚ ਡਰੈੱਸ ਡਿਜ਼ਾਇਨਿੰਗ ਐਂਡ ਟੇਲਰਿੰਗ ਅਤੇ ਟੈਕਸਟਾਈਲ

ਡਿਜ਼ਾਇਨਿੰਗ ਤੋਂ ਇਲਾਵਾ ਰੇਡੀਓ, ਟੀ.ਵੀ. ਮਕੈਨਿਕ ਅਤੇ ਕੰਪਿਊਟਰ ਮੇਨਟੀਨੈਂਸ ਦੇ ਕੋਰਸ ਕਰਵਾਏ ਜਾ ਰਹੇ ਹਨ। ਗੁਰਦਾਸਪੁਰ ਰਿਜ਼ਨਲ ਕੈਂਪਸ ਵਿਚ ਵੀ ਇਹ ਕੋਰਸ ਚਲ ਰਹੇ ਹਨ।

ਯੂਨੀਵਰਸਿਟੀ ਦੀ ਵੈੱਬਸਾਈਟ ਨੇ ਵੀ ਇਸ ਵਰ੍ਹੇ ਅਹਿਮ ਭੂਮਿਕਾ ਨਿਭਾਈ। ਵੈੱਬਸਾਈਟ 'ਤੇ ਕਾਲਜਾਂ, ਰੈਗੂਲਰ ਤੇ ਪ੍ਰਾਈਵੇਟ ਵਿਦਿਆਰਥੀਆਂ ਅਤੇ ਆਮ ਲੋਕਾਂ ਲਈ ਯੂਨੀਵਰਸਿਟੀ ਬਾਰੇ ਹਰ ਤਰ੍ਹਾਂ ਦੀ ਜਾਣਕਾਰੀ ਮੁਹਈਆ ਕੀਤੀ ਗਈ। ਸਾਰੇ ਕੋਰਸਾਂ ਦੇ ਸਿਲੇਬਸ, ਡੇਟਸ਼ੀਟਾਂ, ਨਤੀਜੇ, ਯੂਨੀਵਰਸਿਟੀ ਵਿਚ ਚੱਲ ਰਹੇ ਵੱਖ-ਵੱਖ ਕੋਰਸਾਂ, ਕੋਰਸਾਂ ਦੀਆਂ ਸੀਟਾਂ, ਲਾਇਬ੍ਰੇਰੀ ਬਾਰੇ ਮੁਕੰਮਲ ਜਾਣਕਾਰੀ, ਖੋਜ ਕਾਰਜਾਂ, ਯੂਨੀਵਰਸਿਟੀ ਵਿਚ ਕਰਵਾਈਆਂ ਜਾਂਦੀਆਂ ਵਰਕਸ਼ਾਪਾਂ, ਸੈਮੀਨਾਰ, ਯੂਨੀਵਰਸਿਟੀ ਵੱਲੋਂ ਕੱਢੇ ਜਾਂਦੇ ਟੈਂਡਰਾਂ ਤੇ ਆਸਾਮੀਆਂ ਬਾਰੇ ਹਰ ਤਰ੍ਹਾਂ ਦੀ ਜਾਣਕਾਰੀ ਵੈੱਬਸਾਈਟ 'ਤੇ ਦਿੱਤੀ ਗਈ।

ਯੂਨੀਵਰਸਿਟੀ ਦਾ ਪਲੇਸਮੈਂਟ ਵਿਭਾਗ ਮਹੱਤਵਪੂਰਨ ਭੂਮਿਕਾ ਨਿਭਾਅ ਰਿਹਾ ਹੈ। ਇਸ ਵਰ੍ਹੇ ਦੌਰਾਨ ਬਹੁ-ਕੌਮੀ ਕੰਪਨੀਆਂ ਵਿਚ 1001 ਵਿਦਿਆਰਥੀਆਂ ਨੂੰ ਨੌਕਰੀਆਂ ਪ੍ਰਾਪਤ ਹੋਈਆਂ। ਇਹ ਵਿਦਿਆਰਥੀ ਜੂਨ 2010 ਵਿਚ ਪੜ੍ਹਾਈ ਮੁਕੰਮਲ ਕਰਨ ਉਪਰੰਤ ਆਪਣੀਆਂ ਨੌਕਰੀਆਂ 'ਤੇ ਚਲੇ ਜਾਣਗੇ।ਵਿਭਾਗ ਵੱਲੋਂ ਹੁਣ ਤਕ ਕੈਂਪਸ ਪਲੇਸਮੈਂਟ ਰਾਹੀਂ 4196 ਤੋਂ ਵੱਧ ਵਿਦਿਆਰਥੀਆਂ ਨੂੰ ਨੌਕਰੀਆਂ ਮਿਲ ਚੁੱਕੀਆਂ ਹਨ।

ਯੂਨੀਵਰਸਿਟੀ ਦੇ ਅਕਾਦਮਿਕ ਪੱਧਰ ਨੂੰ ਉੱਚਾ ਚੁੱਕਣ ਦੇ ਨਾਲ-ਨਾਲ ਯੂਨੀਵਰਸਿਟੀ ਨਾਲ ਸਬੰਧਿਤ ਕਾਲਜਾਂ ਦੀ ਪੜ੍ਹਾਈ ਨੂੰ ਮਿਆਰੀ ਬਣਾਉਣ ਲਈ ਵੀ ਯੂਨੀਵਰਸਿਟੀ ਨੇ ਵਿਸ਼ੇਸ਼ ਕਦਮ ਚੁੱਕੇ ਹਨ। ਯੂਨੀਵਰਸਿਟੀ ਦੇ ਟੀਚਿੰਗ ਵਿਭਾਗਾਂ ਵਾਂਗ ਹੀ ਕਾਲਜਾਂ ਨੂੰ ਵੀ ਯੂਨੀਵਰਸਿਟੀ ਆਪਣਾ ਅਹਿਮ ਹਿੱਸਾ ਮੰਨਦੀ ਹੈ। ਇਸ ਲਈ ਯੂਨੀਵਰਸਿਟੀ ਇਹ ਯਕੀਨੀ ਬਣਾ ਰਹੀ ਹੈ ਕਿ ਯੂਨੀਵਰਸਿਟੀ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਵਿਵਹਾਰਕ ਗਿਆਨ ਵੀ ਮੁਹਈਆ ਕੀਤਾ ਜਾਵੇ ਤਾਂ ਜੋ ਉਹ ਵਿਸ਼ਵੀਕਰਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਸਕਣ ਦੇ ਸਮਰੱਥ ਹੋ ਸਕਣ।

<u>ਵਾਈਸ-ਚਾਂਸਲਰ ਸਾਹਿਬ</u>

ਉਨ੍ਹਾਂ ਕਿਹਾ ਕਿ ਸਾਲ 2010 ਵਿਚ ਅਸੀਂ ਕਰੈਡਿਟ ਬੇਸਡ ਕੋਰਸ ਸ਼ੁਰੂ ਕੀਤੇ। ਉਤਰੀ ਭਾਰਤ ਵਿਚ ਇਹ ਕੋਰਸ ਪਹਿਲੀ ਵਾਰ ਸ਼ੁਰੂ ਕੀਤੇ ਗਏ। ਸਾਲ 2010 ਵਿਚ ਪ੍ਰੀ-ਪੀਐਚ.ਡੀ. ਲਈ 50 ਫੈਲੋਸ਼ਿਪ ਸ਼ੁਰੂ ਕੀਤੇ ਗਏ ਸਨ। ਇਸ ਲਈ ਸੁਫਿਸੀਕੇਟਿਡ ਇੰਸਟਰੂਮੈਂਟ ਸਥਾਪਿਤ ਕੀਤੇ ਜਾਣਗੇ ਅਤੇ ਇਨ੍ਹਾਂ ਨੂੰ ਇੰਟਰਨੈਟ ਨਾਲ ਜੋੜਿਆ ਜਾਵੇਗਾ।ਸਾਡੀ ਯੂਨੀਵਰਸਿਟੀ Potential for Excellence ਲਈ ਚੁਣੀ ਗਈ ਹੈ। ਜੇਕਰ ਸਾਡੀ ਯੂਨੀਵਰਸਿਟੀ ਪਹਿਲੀਆਂ ਛੇ ਯੂਨੀਵਰਸਿਟੀਆਂ ਵਿਚ ਆਉਂਦੀ ਹੈ ਤਾਂ ਸਾਨੂੰ 50 ਕਰੋੜ ਰੁਪਏ ਦੀ ਗ੍ਰਾਂਟ ਮਿਲੇਗੀ। ਇਹ ਰਕਮ ਇਨਫਰਾਸਟਰਕਚਰ 'ਤੇ ਲਗਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਯੂ.ਜੀ.ਸੀ. ਨੇ 49 ਕਰੋੜ ਰੁਪਏ ਦੀ ਗ੍ਰਾਂਟ ਸੈਂਟਰ ਫਾਰ ਸਟੱਡੀਜ਼ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਸਤੇ ਦਿੱਤੀ ਹੈ ਅਤੇ 11 ਕਰੋੜ ਰੁਪਏ ਦੀ ਪਹਿਲੀ ਗ੍ਰਾਂਟ ਰੀਲੀਜ਼ ਹੋ ਚੁੱਕੀ ਹੈ।ਪੰਜਾਬ ਸਰਕਾਰ ਨੇ 9 ਕਰੋੜ ਰੁਪਏ ਲੜਕੀਆਂ ਦੇ ਹੋਸਟਲ

ਵਾਸਤੇ, 3 ਕਰੋੜ ਰੁਪਏ ਲੈਕਚਰ ਹਾਲ ਬਨਾਉਣ ਵਾਸਤੇ ਅਤੇ 14 ਕਰੋੜ ਰੁਪਏ ਰਿਜਨਲ ਕੈਂਪਸ, ਸਠਿਆਲਾ ਵਾਸਤੇ ਗ੍ਰਾਂਟ ਦਿੱਤੀ ਹੈ। ਬਾਕੀ ਮੈਂਟੀਨੈਂਸ ਗ੍ਰਾਂਟ ਪੰਜਾਬ ਸਰਕਾਰ ਵੱਲੋਂ ਨਹੀਂ ਮਿਲੀ। ਅਸੀਂ ਕੋਸ਼ਿਸ ਕਰ ਰਹੇ ਹਾਂ ਕਿ ਸਾਨੂੰ ਮੈਂਟੀਨੈਂਸ ਗ੍ਰਾਂਟ ਜਲਦੀ ਪ੍ਰਾਪਤ ਹੋ ਜਾਵੇ। ਸਾਡੀ ਯੂਨੀਵਰਸਿਟੀ ਦੀ Performance ਕਾਫੀ ਤਸੱਲੀ ਬਖਸ਼ ਹੈ। ਸਾਨੂੰ ਉਚ-ਕੋਟੀ ਦਾ ਸਾਜੋ-ਸਮਾਨ ਯੂਨੀਵਰਸਿਟੀ ਵਿਖੇ ਲਿਆਉਣਾ ਪਵੇਗਾ। ਅਸੀਂ ਰਾਸ਼ਟਰੀ ਪੱਧਰ 'ਤੇ ਤਾਂ ਪਹੁੰਚ ਜਾਵਾਂਗੇ ਪਰ ਅੰਤਰ-ਰਾਸ਼ਟਰੀ ਪੱਧਰ 'ਤੇ ਪਹੁੰਚਣ ਲਈ ਸਾਨੂੰ ਹੋਰ ਯਤਨ ਕਰਨੇ ਪੈਣਗੇ। ਖਾਲੀ ਅਸਾਮੀਆਂ ਭਰਨ ਲਈ ਅਸੀਂ  ਇੰਟਰਵਿਊਜ਼ 100% ਕੀਤੀਆਂ ਹਨ। ਨਿਯੁਕਤੀ ਵਾਸਤੇ ਜੇਕਰ ਸਾਨੂੰ ਆਊਟਸਟੈਡਿੰਗ ਕੈਂਡੀਡੇਟ ਨਹੀਂ ਮਿਲਿਆ ਤਾਂ ਅਸੀਂ ਉਸ ਅਸਾਮੀ ਨੂੰ ਖਾਲੀ ਰਹਿਣ ਦਿੱਤਾ ਹੈ। ਸਾਡਾ ਮੁੱਖ ਉਦੇਸ਼ 11-12 ਲੈਕਚਰ ਥੀਏਟਰ ਬਣਾਉਣ ਦਾ ਹੈ। ਪਿਛਲੇ ਸਾਲ ਵੀ ਲੈਕਚਰ ਥੀਏਟਰ ਬਣਾਏ ਹਨ। ਪ੍ਰੈਕਟੀਕਲਾਂ ਲਈ ਵਿਭਾਗਾਂ ਨੂੰ ਗ੍ਰਾਂਟ ਦਿੱਤੀ ਗਈ ਹੈ। ਅਸੀਂ ਕੋਸ਼ਿਸ ਕਰਾਂਗੇ ਕਿ ਯੂਨੀਵਰਸਿਟੀ ਨੂੰ ਰਾਸ਼ਟਰੀ ਪੱਧਰ 'ਤੇ ਲੈ ਕੇ ਜਾਈਏ। ਇਹ ਯੂਨੀਵਰਸਿਟੀ ਪਹਿਲੀਆਂ 20 ਯੂਨੀਵਰਸਿਟੀਆਂ ਵਿਚੋਂ ਇਕ ਹੈ । ਮੈਂ ਸੈਨੇਟ ਦੇ ਸਾਰੇ ਮੈਂਬਰਾਂ ਦਾ ਸ਼ੁਕਰੀਆ ਅਦਾ ਕਰਦਾ ਹਾਂ। ਮੈਂਬਰ ਸਾਹਿਬਾਨ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣੇ ਸੁਝਾਅ ਦੇਣ ਤਾਂ ਅਸੀਂ ਇਨ੍ਹਾਂ ਸੁਝਾਵਾਂ ਉਤੇ ਕਾਰਵਾਈ ਕਰਾਂਗੇ।

ਬਹਿਸ ਵਿਚ ਹਿੱਸਾ ਲੈਂਦਿਆਂ ਮੈਂਬਰ ਸਾਹਿਬਾਨ ਨੇ ਆਪਣੇ-ਆਪਣੇ ਵਿਚਾਰ ਪ੍ਰਗਟ ਕੀਤੇ।

<u>ਡਾ. ਚਰਨਜੀਤ ਸਿੰਘ ਬੱਲ</u>

ਉਨ੍ਹਾਂ ਕਿਹਾ ਕਿ ਮੈਂ ਵਾਈਸ-ਚਾਂਸਲਰ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਸਾਲਾਨਾ ਰਿਪੋਰਟ ਬਹੁਤ ਵਧੀਆ ਪੇਸ਼ ਕੀਤੀ ਹੈ ਅਤੇ ਯੂਨੀਵਰਸਿਟੀ ਵਾਸਤੇ ਬਹੁਤ ਸਾਰੀਆਂ ਉਪਲੱਬਧੀਆਂ ਕਰਾਈਆਂ ਹਨ। ਸਾਡੀ ਯੂਨੀਵਰਸਿਟੀ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਬਣੀ ਹੋਈ ਹੈ, ਜਿਸ ਵਿਚ ਗੁਰੂ ਨਾਨਕ ਸਟੱਡੀਜ਼ ਵਿਭਾਗ ਹੈ। ਇਸ ਵਿਭਾਗ ਵੱਲੋਂ ਸੈਮੀਨਾਰ ਅਤੇ ਸਿੰਪੋਜ਼ੀਅਮ ਹੋਣੇ ਚਾਹੀਦੇ ਹਨ। ਇਹ ਰੁਟੀਨ ਬਣਾਈ ਜਾਵੇ ਕਿ ਹਰ ਸਾਲ ਰਾਸ਼ਟਰੀ ਪੱਧਰ 'ਤੇ ਕਾਨਫ੍ਰੰਸ ਹੋਵੇ, 5 ਸਾਲ ਬਾਅਦ ਅੰਤਰ-ਰਾਸ਼ਟਰੀ ਪੱਧਰ ਦੀ ਕਾਨਫ੍ਰੰਸ ਅਤੇ ਮਹੀਨੇ ਵਿਚ ਇਕ ਸੈਮੀਨਾਰ ਜ਼ਰੂਰ ਹੋਵੇ। ਇਸ ਵਿਭਾਗ ਨੂੰ ਪ੍ਰਫੁੱਲਤ ਕਰਨ ਵਾਸਤੇ ਤਰਜ਼ੀਹ ਦੇਣੀ ਚਾਹੀਦੀ ਹੈ। ਇਸ ਕੰਮ ਨੂੰ ਤਰਜ਼ੀਹ ਦੇਣ ਨਾਲ ਸਾਡੀਆਂ ਸਮਾਜਿਕ ਬੁਰਾਈਆਂ ਨੂੰ ਦੂਰ ਕੀਤਾ ਜਾ ਸਕਦਾ ਹੈ, ਜੋ ਕਿ ਸਾਡਾ ਮੁੱਖ ਉਦੇਸ਼ ਹੈ।

<u>ਵਾਈਸ-ਚਾਂਸਲਰ ਸਾਹਿਬ</u>

ਉਨ੍ਹਾਂ ਕਿਹਾ  ਕਿ ਹਰ ਸਾਲ ਰਾਸ਼ਟਰੀ ਪੱਧਰ 'ਤੇ ਸੈਮੀਨਾਰ ਕਰਵਾਇਆ ਜਾਂਦਾ ਹੈ। 5 ਸਾਲ ਬਾਅਦ ਅੰਤਰ-ਰਾਸ਼ਟਰੀ ਪੱਧਰ 'ਤੇ ਸੈਮੀਨਾਰ ਕਰਾਉਣ ਬਾਰੇ ਵਿਭਾਗ ਨੂੰ ਕਹਿ ਦਿੱਤਾ ਜਾਵੇਗਾ। ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਯੂਨੀਵਰਸਿਟੀ ਵਿਚ ਸ਼ੁਰੂ ਕਰਵਾ ਦਿੱਤਾ ਗਿਆ ਹੈ।

ਪ੍ਰਿੰਸੀਪਲ ਜਗਦੀਸ਼ ਸਿੰਘ

ਉਨ੍ਹਾਂ ਕਿਹਾ ਕਿ ਰਜਿਸਟਰਾਰ ਸਾਹਿਬ ਨੇ ਸਾਲਾਨਾ ਰਿਪੋਰਟ ਦੇ ਸੰਖੇਪ ਤੋਂ ਸਾਨੂੰ ਜਾਣੂ ਕਰਵਾਇਆ ਹੈ। ਅਸੀਂ ਇਸ ਰਿਪੋਰਟ ਨੂੰ ਪੜ੍ਹਿਆ ਹੈ। ਵਿਦਿਆਰਥੀਆਂ ਵਿਚ ਲੜਕੀਆਂ ਦੀ ਗਿਣਤੀ ਲੜਕਿਆਂ ਨਾਲੋਂ ਲਗਭਗ ਹਰ ਸਾਲ ਜ਼ਿਆਦਾ ਹੈ। ਕੁਝ ਵਿਭਾਗਾਂ ਵਿਚ ਲੜਕੀਆਂ ਦੀ ਗਿਣਤੀ ਲੜਕਿਆਂ ਨਾਲੋਂ ਦੁਗਣੀ ਹੈ ਜਾਂ ਇਸ ਤੋਂ ਵੀ ਜ਼ਿਆਦਾ ਹੈ। ਹਰੇਕ ਖੇਤਰ ਵਿਚ ਲੜਕੀਆਂ ਕੰਮ ਕਰ ਰਹੀਆਂ ਹਨ। ਕੁੱਝ ਕੋਰਸ, ਜਿਸ ਤਰ੍ਹਾਂ ਕਿ ਸੋਸ਼ਿਆਲੋਜੀ, ਸੋਸ਼ਲ ਸਾਇੰਸਜ਼, ਪੋਲੀਟੀਕਲ ਸਾਇੰਸ ਆਦਿ ਵਿਚ ਵਿਦਿਆਰਥੀਆਂ ਦੀ ਗਿਣਤੀ ਕੇਵਲ 5-5, 6-6 ਹੀ ਹੈ। ਕਾਲਜਾਂ ਵਿਚ ਇਹ ਵਿਸ਼ੇ ਹਨ। ਅਧਿਆਪਕਾਂ ਦੀ ਭਰਤੀ ਲਈ 55% ਤੋਂ ਵੱਧ ਨੰਬਰ ਦੀ ਸ਼ਰਤ ਹੈ ਅਤੇ ਇਨ੍ਹਾਂ ਵਿਸ਼ਿਆਂ ਵਿਚ ਅਧਿਆਪਕ ਨਹੀਂ ਮਿਲਣਗੇ। ਕਾਲਜਾਂ ਵਿਚ ਇਨ੍ਹਾਂ ਵਿਸ਼ਿਆਂ ਵਿਚ ਅਧਿਆਪਕਾਂ ਦੀ ਲੋੜ੍ਹ ਪੈਣੀ ਹੈ। ਅਧਿਆਪਕਾਂ ਦੀ ਭਰਤੀ ਲਈ ਯੋਗਤਾ ਪ੍ਰਤੀਸ਼ਤ ਘਟਾਈ ਜਾਣੀ ਚਾਹੀਦੀ ਹੈ।ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਇਹ ਯੂਨੀਵਰਸਿਟੀ ਬਣੀ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਰਾਗਾਂ ਵਿਚ ਸੁਣਾਏ ਜਾਣ ਲਈ ਸੰਗੀਤ ਵਿਭਾਗ ਦੁਆਰਾ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਦੀ ਸਥਾਪਨਾ ਕਰਨੀ ਬਹੁਤ ਖੁਸ਼ੀ ਵਾਲੀ ਗੱਲ ਹੈ। ਇਸ ਵਿਭਾਗ ਲਈ ਗ੍ਰਾਂਟ ਆ ਗਈ ਹੈ। ਇਸ ਵਿਭਾਗ ਨੂੰ ਜਲਦੀ ਹੀ ਜਨਤਕ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸੈਨੇਟਰਜ਼ ਦੀ ਯੂਨੀਵਰਸਿਟੀ ਦੇ ਕੰਮਾਂ ਵਿਚ ਵੱਧ ਤੋਂ ਵੱਧ ਭਾਗੀਦਾਰੀ ਹੋਣੀ ਚਾਹੀਦੀ ਹੈ। ਪਲੈਸਮੈਂਟ ਬਾਰੇ ਉਨ੍ਹਾਂ ਕਿਹਾ ਕਿ ਕੰਪਨੀਆਂ ਇੰਨੇ ਪੜ੍ਹੇ ਲਿਖੇ ਪੋਸਟ-ਗ੍ਰੈਜੂਏਟ ਵਿਦਿਆਰਥੀਆਂ ਨੂੰ ਘੱਟ ਤਨਖਾਹ ਦਿੰਦੀਆਂ ਹਨ। ਉਨ੍ਹਾਂ ਨੇ ਰਜਿਸਟਰਾਰ ਸਾਹਿਬ ਨੂੰ ਬੇਨਤੀ ਕੀਤੀ ਕਿ ਉਹ ਕੰਪਨੀਆਂ ਨੂੰ ਲਿਖਣ ਕਿ ਉਹ ਵਿਦਿਆਰਥੀਆਂ ਨੂੰ ਚੰਗਾ ਸੈਲਰੀ ਪੈਕੇਜ਼ ਦੇਣ। ਉਨ੍ਹਾਂ ਕਿਹਾ ਕਿ ਜਿਹੜੇ ਵਿਦਿਆਰਥੀ ਪੀਐਚ.ਡੀ. ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਯੂਨੀਵਰਸਿਟੀ ਦੁਆਰਾ ਪੂਰੀ ਸੂਚਨਾ ਦਿੱਤੀ ਜਾਣੀ ਚਾਹੀਦੀ ਹੈ।

ਵਾਈਸ-ਚਾਂਸਲਰ ਸਾਹਿਬ

ਉਨ੍ਹਾਂ ਕਿਹਾ ਕਿ ਮਿਊਜ਼ਕ ਵਿਭਾਗ ਵਿਚ ਪ੍ਰੋਫੈਸਰ ਅਤੇ ਰੀਡਰਜ਼ ਦੀਆਂ ਅਸਾਮੀਆਂ ਲਈ ਤਿੰਨ ਵਾਰ ਇਸ਼ਿਤਿਹਾਰ ਦਿੱਤਾ ਗਿਆ। ਤੀਜੀ ਵਾਰ ਇਕ ਉਮੀਦਵਾਰ ਆਇਆ ਅਤੇ ਉਸ ਨੂੰ ਭਰਤੀ ਕੀਤਾ ਗਿਆ। ਜਦੋਂ ਉਸ ਨੇ ਹਾਜ਼ਰੀ ਦਿੱਤੀ ਤਾਂ ਉਸ ਨੂੰ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਨਾਲ ਤਾਲ-ਮੇਲ ਰੱਖਣ ਲਈ ਕਿਹਾ ਗਿਆ। ਇਸ ਵਿਭਾਗ ਵਾਸਤੇ ਰਿਸਰਚ ਫੈਲੋਜ਼ ਲਈ ਵੀ ਇਸ਼ਤਿਹਾਰ ਦੇ ਚੁੱਕੇ ਹਾਂ। ਸੋਸ਼ਿਆਲੋਜੀ, ਪੋਲੀਟੀਕਲ ਸਾਇੰਸ, ਸੋਸ਼ਲ ਸਾਇੰਸਜ਼, ਹਿਸਟਰੀ ਵਰਗੇ ਵਿਸ਼ਿਆਂ ਵਿਚ ਇਸ ਸਾਲ ਤੋਂ ਸਮੈਸਟਰ ਪ੍ਰਣਾਲੀ ਸ਼ੁਰੂ ਕਰ ਦਿੱਤੀ ਗਈ ਹੈ । ਇਨ੍ਹਾਂ ਕੋਰਸਾਂ ਵਿਚ ਘੱਟ ਹੀ ਸੀਟਾਂ ਭਰੀਆ ਗਈਆਂ ਹਨ, ਪ੍ਰੰਤੂ ਪੰਜਾਬੀ ਵਿਸ਼ੇ ਵਿਚ ਇਸ ਵਾਰ 50 ਸੀਟਾਂ ਭਰੀਆਂ ਹਨ। ਅਸੀਂ ਪਿਛਲੇ ਸਾਲ ਦੀ ਬਜਾਏ 780 ਤੱਕ ਸੀਟਾਂ ਬੀ.ਟੈਕ. ਵਿਚ ਵਧਾਈਆਂ ਹਨ।ਯੂਨੀਵਰਸਿਟੀ ਕੈਂਪਸਾਂ ਵਿਚ ਇਸ

ਸਾਲ 1400 ਵਿਦਿਆਰਥੀ ਬੀ.ਟੈਕ. ਕੋਰਸਾਂ ਵਿਚ ਦਾਖਲ ਹੋਏ ਹਨ। ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਯੂਨੀਵਰਸਿਟੀ ਜਾਇਨ ਕੀਤਾ ਸੀ, ਉਸ ਸਮੇਂ 7500 ਵਿਦਿਆਰਥੀ ਸਨ, ਫਿਰ ਵਧਾ ਕੇ 10,000 ਅਤੇ ਉਸ ਉਪਰੰਤ ਹੁਣ 13000 ਵਿਦਿਆਰਥੀ ਹਨ। ਆਉਣ ਵਾਲੇ ਸਮੇਂ ਵਿਚ 20,000 ਵਿਦਿਆਰਥੀ ਹੋਣਗੇ। ਟੀ.ਸੀ.ਐਸ. ਕੰਪਨੀ ਨੇ ਇਸ ਵਾਰ 301 ਵਿਦਿਆਰਥੀ ਅਤੇ ਐਕਸੈਂਚਰ ਕੰਪਨੀ ਨੇ 111 ਵਿਦਿਅਰਥੀਆਂ ਦੀ ਚੋਣ ਕੀਤੀ ਹੈ। ਇਕ ਅੰਤਰ-ਰਾਸ਼ਟਰੀ ਕੰਪਨੀ ਨੇ ਛੇ ਲੱਖ ਦਾ ਪੈਕੇਜ ਦਿੱਤਾ ਹੈ। ਕੰਪਨੀਆਂ ਵੱਲੋਂ ਚੋਣ ਸਮੇਂ ਘੱਟ ਪੈਕੇਜ ਦਿੱਤਾ ਜਾਂਦਾ ਹੈ, ਪ੍ਰੰਤੂ ਫਿਰ ਸਾਲ, ਦੋ ਸਾਲ ਬਾਅਦ ਹੀ ਇਨ੍ਹਾਂ ਦਾ ਪੈਕੇਜ ਦੁਗਣਾ ਹੋ ਜਾਂਦਾ ਹੈ।ਸਾਡੀ ਯੂਨੀਵਰਸਿਟੀ ਪਲੈਸਮੈਂਟਾਂ ਵਿਚ ਪਹਿਲੇ ਨੰਬਰ ਤੇ ਹੈ। ਅਸੀਂ ਜਲੰਧਰ ਅਤੇ ਗੁਰਦਾਸਪੁਰ ਰਿਜਨਲ ਕੈਂਪਸ ਨੂੰ ਵੀ ਪਲੇਸਮੈਂਟਾਂ ਲਈ ਅੰਮ੍ਰਿਤਸਰ ਕੈਂਪਸ ਜਿੰਨੀ ਹੀ ਸਹੂਲਤ ਦੇ ਰਹੇ ਹਾਂ । ਬੀ.ਟੈਕ.(ਇਲੈਕਟ੍ਰੋਨਿਕਸ ਟੈਕਨਾਲੋਜੀ ਅਤੇ ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ) ਵਿਭਾਗਾਂ ਲਈ ਅਸੀਂ 4-4 ਲੈਕਚਰਾਰ ਹੋਰ ਦੇ ਰਹੇ ਹਾਂ।ਆਈ.ਟੀ ਇਡੰਸਟਰੀਜ਼ ਨਾਲ ਯੂਨੀਵਰਸਿਟੀ ਵਿਚ ਸੈਂਟਰ ਖੋਲ੍ਹਣ ਅਤੇ ਰਿਸਰਚ ਕਰਨ ਵਾਸਤੇ ਸਾਡੇ ਵਿਦਿਆਰਥੀਆਂ ਨੂੰ ਟ੍ਰੇਨਿੰਗ ਦੇਣ ਲਈ MoU ਕਰਨ ਲਈ ਵਿਚਾਰ ਕੀਤਾ ਜਾ ਰਿਹਾ ਹੈ। ਆਈ.ਬੀ.ਐਮ. ਨਾਲ ਵਿਚਾਰ ਵੀ ਕੀਤੀ ਗਈ ਹੈ। ਸਾਰੇ ਸੈਨੇਟਰਜ਼ ਨੂੰ ਯੂਨੀਵਰਸਿਟੀ ਕੰਮਾਂ ਵਿਚ ਸ਼ਾਮਲ ਨਹੀਂ ਕੀਤਾ ਜਾ ਸਕਦਾ। ਕੁਝ ਮੈਂਬਰ ਸਾਹਿਬਾਨ ਨੂੰ ਸਾਮਲ ਕੀਤਾ ਜਾਵੇਗਾ, ਜਿਨ੍ਹਾਂ ਨੂੰ ਟੈਲੀਫੋਨ ਰਾਹੀਂ ਸੂਚਨਾ ਦੇ ਦਿੱਤੀ ਜਾਇਆ ਕਰੇਗੀ।

ਡਾ. ਜਸਪਾਲ ਸਿੰਘ ਰੰਧਾਵਾ

ਉਨ੍ਹਾਂ ਵਾਈਸ-ਚਾਂਸਲਰ ਸਾਹਿਬ ਨੂੰ ਯੂਨੀਵਰਸਿਟੀ ਦੇ ਹਰ ਖੇਤਰ ਵਿਚ ਅਤੇ ਖਾਸ ਤੌਰ 'ਤੇ ਪੇਂਡੂ ਖੇਤਰ ਵਿਚ ਤਰੱਕੀ ਕਰਨ 'ਤੇ ਵਧਾਈ ਦਿੱਤੀ ਹੈ।ਪੇਂਡੂ ਖੇਤਰ ਦੇ ਵਿਦਿਆਰਥੀਆਂ ਲਈ ਫੀਸ ਸਟਰਕਚਰ ਵੀ ਬਹੁਤ ਘੱਟ ਰੱਖਿਆ ਹੈ, ਜੋ ਕਿ ਹਰ ਆਦਮੀ ਸਹਿਣ ਕਰ ਸਕਦਾ ਹੈ। ਯੂਨੀਵਰਸਿਟੀ ਇਸ ਵਾਸਤੇ ਖਾਸ ਵਧਾਈ ਦੀ ਪਾਤਰ ਹੈ। ਇਸ ਤੋਂ ਇਲਾਵਾ ਕੈਂਪਸ ਵਿਚ ਕਰੈਡਿਟ ਬੇਸਡ ਸਿਸਟਮ ਸ਼ੁਰੂ ਕੀਤਾ ਗਿਆ ਹੈ ਅਤੇ ਇਸ ਸਾਲ ਤੋਂ ਪੋਸਟ-ਗ੍ਰੈਜੂਏਸ਼ਨ ਲੈਵਲ 'ਤੇ ਸਮੈਸਟਰ ਸਿਸਟਮ ਸ਼ੁਰੂ ਕੀਤਾ ਗਿਆ ਹੈ, ਇਹ ਸਾਰਾ ਫਕੈਲਟੀਜ਼ ਦੀ ਹੀ ਦੇਣ ਹੈ। ਯੂਨੀਵਰਸਿਟੀ ਵੱਲੋਂ ਨਕਲ ਤੇ ਕਾਬੂ ਪਾਇਆ ਗਿਆ ਅਤੇ ਇਸ ਵਿਰੁੱਧ ਸਖਤ ਕਾਰਵਾਈ ਕੀਤੀ ਗਈ। ਕਾਲਜਾਂ ਦਾ ਵਿਕਾਸ ਵਾਈਸ-ਚਾਂਸਲਰ ਸਾਹਿਬ ਦੀ ਸਰਪ੍ਰਸਤੀ ਹੇਠ ਹੋ ਰਿਹਾ ਹੈ। ਉਨ੍ਹਾਂ ਦੱਸਿਆ ਕਿ NAAC ਦੁਆਰਾ ਲਾਇਲਪੁਰ ਖਾਲਸਾ ਕਾਲਜ ਨੂੰ 3.74 CGPA ਅੰਕ ਦਿੱਤੇ ਗਏ ਹਨ, ਜੋ ਸਭ ਤੋਂ ਵੱਧ ਅੰਕ ਹਨ ਅਤੇ ਇਹ ਕਾਲਜ ਹਿੰਦੁਸਤਾਨ ਵਿਚ ਤੀਜੇ ਸਥਾਨ ਤੇ ਆਇਆ ਹੈ।

ਵਾਈਸ-ਚਾਂਸਲਰ ਸਾਹਿਬ

ਉਨ੍ਹਾਂ ਕਿਹਾ ਕਿ ਅਗਲੇ ਸਾਲ ਤੋਂ ਸਾਰੇ ਕਾਲਜਾਂ ਵਿਚ ਸਮੈਸਟਰ ਪ੍ਰਣਾਲੀ ਲਾਗੂ ਕੀਤੀ ਜਾ ਰਹੀ ਹੈ।

ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ

ਉਨ੍ਹਾਂ ਵਾਈਸ-ਚਾਂਸਲਰ ਸਾਹਿਬ ਨੂੰ ਵਧਾਈ ਦਿੱਤੀ ਕਿ ਯੂਨੀਵਰਸਿਟੀ ਵਿਚ ਆਲ ਇੰਡੀਆ ਪ੍ਰੀ-ਐਗਜ਼ਾਮੀਨੇਸ਼ਨ ਟ੍ਰੇਨਿੰਗ ਸੈਂਟਰ ਦੇ 14 ਵਿਦਿਆਰਥੀ ਜੱਜ ਬਣੇ ਹਨ। ਐਨ.ਡੀ.ਏ. ਵਿਚ 12,500 ਅਫਸਰਾਂ ਦੀ ਘਾਟ ਹੈ। ਫ਼ੌਜ ਵਿਚ ਪੈਕੇਜ ਵੀ ਚੰਗਾ ਹੁੰਦਾ ਹੈ। ਇਸ ਸਬੰਧੀ ਵਿਦਿਆਰਥੀਆਂ ਨੂੰ ਸਿੱਖਿਅਤ ਕੀਤਾ ਜਾਵੇ। ਪੰਜਾਬ ਵਿਚੋਂ ਫੌਜ ਦੀ ਭਰਤੀ ਦੀ ਪ੍ਰਤੀਸ਼ਤ ਘੱਟ ਰਹੀ ਹੈ।ਇਸ ਵੱਲ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

ਵਾਈਸ-ਚਾਂਸਲਰ ਸਾਹਿਬ

ਉਨ੍ਹਾਂ ਸਪਸ਼ਟ ਕੀਤਾ ਕਿ ਆਲ ਇੰਡੀਆ ਪ੍ਰੀ-ਐਗਜ਼ਾਮੀਨੇਸ਼ਨ ਟ੍ਰੇਨਿੰਗ ਸੈਂਟਰ ਦੇ 20 ਵਿਦਿਆਰਥੀ ਜੱਜ ਬਣੇ ਹਨ।ਉਨ੍ਹਾਂ ਕਿਹਾ ਕਿ ਐਨ.ਡੀ.ਏ. ਵਾਸਤੇ ਪੰਜਾਬ ਸਰਕਾਰ ਨੇ ਵੱਖਰੀ ਸੰਸਥਾ ਖੋਲ੍ਹੀ ਹੋਈ ਹੈ ਅਤੇ ਉਹ ਸਕੂਲ ਸਿਸਟਮ ਤੋਂ ਬਾਅਦ ਹੁੰਦੀ ਹੈ।ਜੇਕਰ ਸਾਨੂੰ ਯੂ.ਜੀ.ਸੀ. ਗ੍ਰਾਂਟ ਦੇਵੇ ਤਾਂ ਫਿਰ ਅਸੀਂ ਕੋਸ਼ਿਸ ਕਰ ਸਕਦੇ ਹਾਂ।

ਡਾ. ਐਸ.ਐਸ. ਜੌਹਲ

ਉਨ੍ਹਾਂ ਯੂਨੀਵਰਸਿਟੀ ਵੱਲੋਂ ਕੀਤੀਆਂ ਪ੍ਰਾਪਤੀਆਂ ਲਈ ਵਾਈਸ-ਚਾਂਸਲਰ ਸਾਹਿਬ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਭ੍ਰਿਸ਼ਟਾਚਾਰ ਸਭ ਤੋਂ ਵੱਡੀ ਬੁਰਾਈ ਹੈ।ਇਸ 'ਤੇ ਸੈਮੀਨਾਰ ਕਰਵਾਇਆ ਜਾਣਾ ਚਾਹੀਦਾ ਹੈ। ਇਹ ਇਕ ਐਸਾ ਮੁੱਦਾ ਹੈ, ਜਿਸ ਨੂੰ ਹਾਈ-ਲਾਈਟ ਕਰਨ ਦੀ ਲੋੜ੍ਹ ਹੈ। ਉਨ੍ਹਾਂ ਕਿਹਾ ਕਿ ਨਸ਼ਾ ਇਕ ਅਜਿਹੀ ਬੁਰਾਈ ਹੈ ਜੋ ਨੌਜੁਆਨਾਂ ਨੂੰ ਘੁਣ ਵਾਂਗ ਖਾਈ ਜਾ ਰਿਹਾ ਹੈ। ਪਿੰਡਾਂ ਵਿਚ ਬਾਸਕਟ ਬਾਲ, ਫੁੱਟਬਾਲ ਵਰਗੀਆਂ ਸ਼ਾਮ ਦੀਆਂ ਖੇਡਾਂ ਦਾ ਪ੍ਰਬੰਧ ਕੀਤਾ ਜਾਵੇ ਤਾਂ ਨੌਜੁਆਨ ਨਸ਼ਿਆਂ ਤੋਂ ਬਚ ਸਕਦੇ ਹਨ। ਉਨ੍ਹਾਂ ਕਿਹਾਂ ਕਿ ਇਨ੍ਹਾਂ ਖੇਡਾਂ ਵਿਚ ਜ਼ਿਆਦਾ ਖਰਚਾ ਨਹੀਂ ਹੁੰਦਾ। ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਲੈਕਚਰ ਵਾਸਤੇ 5 ਲੱਖ ਰੁਪਏ ਦੀ ਰਾਸ਼ੀ ਦਿੱਤੀ ਗਈ ਸੀ, ਪ੍ਰੰਤੂ ਇਹ ਲੈਕਚਰ ਨਹੀਂ ਕਰਵਾਇਆ ਗਿਆ।

ਵਾਈਸ-ਚਾਂਸਲਰ ਸਾਹਿਬ

ਉਨ੍ਹਾਂ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਲੈਕਚਰ ਤਿੰਨ ਮਹੀਨਿਆਂ ਦੇ ਵਿਚ-ਵਿਚ ਕਰਵਾਉਣ ਦਾ ਭਰੋਸਾ ਦੁਆਇਆ। ਉਨ੍ਹਾਂ ਕਿਹਾ ਕਿ ਐਸ.ਸੀ./ਐਸ.ਟੀ. ਵਿਦਿਆਰਥੀਆਂ ਤੋਂ ਇਲਾਵਾ 10% ਗਰੀਬ ਵਿਦਿਆਰਥੀਆਂ ਦੀ ਫੀਸ ਮੁਆਫ ਹੈ।ਇਸ ਲਈ 50 ਲੱਖ ਰੁਪਏ Endowment ਫੰਡ ਵਿਚ ਰੱਖੇ ਹੋਏ ਹਨ। ਯੂਨੀਵਰਸਿਟੀ ਲਈ ਇਨਫਰਾਸਟਰਕਚਰ/ਇਮਾਰਤਾਂ ਬਨਾਉਣ, 6ਵੇਂ ਪੇਅ ਕਮਿਸ਼ਨ ਦੇ ਮੁਤਾਬਿਕ ਅਧਿਆਪਕਾਂ ਅਤੇ ਗੈਰ-ਅਧਿਆਪਨ ਕਰਮਚਾਰੀਆਂ ਨੂੰ ਤਨਖਾਹਾਂ ਦੇਣ ਤੋਂ ਇਲਾਵਾ ਆਧੁਨਿਕ ਟੈਕਨਾਲੋਜੀ ਦੀ ਵਰਤੋਂ ਕਰਨ ਲਈ ਸਾਨੂੰ ਹੋਰ ਮਾਲੀ ਸਾਧਨਾਂ ਦੀ ਲੋੜ੍ਹ ਹੋਵੇਗੀ।ਖਰਚਿਆਂ ਦੀ ਪੂਰਤੀ ਲਈ ਰਾਜ ਸਰਕਾਰ 20% ਗ੍ਰਾਂਟ ਦਿੰਦੀ ਹੈ ਅਤੇ 80% ਅਸੀਂ ਆਪਣੇ ਸਾਧਨਾਂ ਤੋਂ ਜੁਟਾਉਂਦੇ ਹਾਂ।ਪਿਛਲੇ ਦੋ ਸਾਲ ਤੋਂ ਸਾਰਾ ਕੰਮ ਕੰਪਿਊਟਰਾਈਜ਼ ਕਰਨ ਬਾਰੇ ਕੋਸ਼ਿਸ਼ ਕੀਤੀ ਜਾ ਰਹੀ ਹੈ, ਜੋ ਅਜੇ ਤੱਕ ਮੁਕੰਮਲ ਨਹੀਂ ਹੋਈ। ਬਹੁਤ ਸਾਰੇ ਕਰਮਚਾਰੀਆਂ ਨੂੰ ਕੰਪਿਊਟਰ ਨਹੀਂ ਆਉਂਦਾ। ਗਰੀਬ ਆਦਮੀ ਲਈ ਆਪਣਾ ਬੱਚਾ ਪੜ੍ਹਾਉਣਾ ਬਹੁਤ ਵੱਡੀ ਸਮੱਸਿਆ

ਹੈ।ਯੂਨੀਵਰਸਿਟੀ ਵਿਚ ਵਿਦਿਆਰਥੀਆਂ ਵਿੱਚ ਨਸ਼ਿਆ ਦਾ ਰੁਝਾਨ ਘੱਟ ਹੈ। ਯੂਨੀਵਰਸਿਟੀ ਵਿਚ ਡਰਗ ਅਡਿਕਸ਼ਨ ਘੱਟ ਹੋਈਆਂ ਹਨ। ਜਿਨ੍ਹਾਂ ਚਿਰ ਅਸੀਂ ਸਾਰੇ ਮਿਲ ਕੇ ਇਸ ਵੱਲ ਧਿਆਨ ਨਹੀਂ ਦਿਆਂਗੇ, ਇਹ ਸਮੱਸਿਆਵਾਂ ਦੂਰ ਨਹੀਂ ਹੋ ਸਕਣਗੀਆਂ।

ਸ੍ਰੀ ਆਰ.ਕੇ.ਪਰਾਸ਼ਰ

ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਇਹ ਯੂਨੀਵਰਸਿਟੀ ਬਣੀ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀਆਂ ਛਪੀਆਂ ਕਿਤਾਬਾਂ ਅਤੇ ਯੋਗ ਵਿਚ ਛਪੀਆਂ ਹੋਈਆਂ ਕਿਤਾਬਾਂ ਪੰਜਾਬੀ ਵਿਚ ਹੀ ਹਨ। ਇਹ ਕਿਤਾਬਾਂ ਅੰਗ੍ਰੇਜੀ ਵਿਚ ਵੀ ਹੋਣੀਆਂ ਚਾਹੀਦੀਆ ਹਨ।

ਸ੍ਰੀ ਅਮਰਜੀਤ ਸਿੰਘ ਸਿੱਧੂ

ਉਨ੍ਹਾਂ ਕਿਹਾ ਕਿ ਇਹ ਕਿਤਾਬਾਂ ਅਸੀਂ ਬਿਨ੍ਹਾਂ ਕਿਸੇ ਲਾਗਤ ਦੇ (free of cost) ਦਿੱਤੀਆਂ ਹਨ।ਗੁਰੂ ਨਾਨਕ ਦੇਵ ਜੀ ਦੀ ਬਾਣੀ ਉਤੇ ਹਰ ਸਾਲ 24 ਨਵੰਬਰ ਨੂੰ ਯੂਨੀਵਰਸਿਟੀ ਦੇ ਸਥਾਪਨਾ ਦਿਵਸ ਮੌਕੇ ਕਿਤਾਬਾਂ ਉਤੇ 50% ਵਿਸ਼ੇਸ ਛੋਟ ਦਿੱਤੀ ਜਾਂਦੀ ਹੈ।

ਪ੍ਰੋ. ਮਨਜੀਤ ਸਿੰਘ, ਜਲੰਧਰ

ਉਨ੍ਹਾ ਕਿਹਾ ਕਿ ਰਿਜਨਲ ਕੈਂਪਸ ਜਲੰਧਰ ਦੇ ਬੱਚੇ ਇਥੇ ਨਹੀਂ ਆ ਸਕਦੇ, ਇਸ ਲਈ ਉਨ੍ਹਾਂ ਵਾਸਤੇ ਜਲੰਧਰ ਵਿਖੇ ਕੋਚਿੰਗ ਸੈਂਟਰ ਖੋਲ੍ਹਿਆ ਜਾਵੇ। ਲਾਇਲਪੁਰ ਖਾਲਸਾ ਕਾਲਜ, ਜਲੰਧਰ ਨੂੰ ਹਿੰਦੁਸਤਾਨ ਵਿਚ ਤੀਜੇ ਨੰਬਰ 'ਤੇ ਆਉਣ ਲਈ ਉਨ੍ਹਾਂ ਡਾ. ਜਸਪਾਲ ਸਿੰਘ ਰੰਧਾਵਾ ਨੂੰ ਵਧਾਈ ਦਿੱਤੀ।

ਵਾਈਸ-ਚਾਂਸਲਰ ਸਾਹਿਬ

ਉਨ੍ਹਾਂ ਕਿਹਾ ਕਿ ਸੁਲਤਾਨਪੁਰ ਲੋਧੀ ਕੈਂਪਸ ਦੇ ਬੱਚੇ ਯੂਨੀਵਰਸਿਟੀ ਵਿਖੇ ਦਾਖਲ ਹੋ ਰਹੇ ਹਨ। ਦੋ ਸਾਲ ਬਾਅਦ ਬੱਚੇ ਸੁਲਤਾਨਪੁਰ ਲੋਧੀ ਵਿਖੇ ਪੜ੍ਹਾਈ ਕਰ ਸਕਣਗੇ।ਲਾਇਲਪੁਰ ਖਾਲਸਾ ਕਾਲਜ, ਜਲੰਧਰ ਨੂੰ ਹਿੰਦੁਸਤਾਨ ਵਿਚ ਤੀਸਰੇ ਨੰਬਰ 'ਤੇ ਆਉਣ ਲਈ ਉਨ੍ਹਾਂ ਡਾ. ਜਸਪਾਲ ਸਿੰਘ ਰੰਧਾਵਾ ਨੂੰ ਵਧਾਈ ਦਿੱਤੀ। ਰਿਜਨਲ ਕੈਂਪਸ, ਜਲੰਧਰ ਵਾਸਤੇ 16000 ਵਰਗ ਫੁੱਟ ਦੀ ਨਵੀਂ ਮੰਜਲ ਅਤੇ ਲਾਇਬ੍ਰੇਰੀ ਬਣਾਈ ਹੈ। ਜਲੰਧਰ ਕੈਂਪਸ ਵਿਖੇ ਬੀ.ਟੈਕ. ਕੰਪਿਊਟਰ ਸਾਇੰਸ ਅਤੇ ਇਲੈਕਟ੍ਰੋਨਿਕਸ ਵਿਚ 60 ਤੋਂ ਵਧਾ ਕੇ 120 ਸੀਟਾਂ ਕਰ ਦਿੱਤੀਆਂ ਗਈਆਂ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਬਸਤੀ ਨੌ ਸ਼ਿਫਟ ਕਰ ਦਿੱਤਾ ਗਿਆ ਹੈ। ਇਕ ਬਹੁਤ ਵੱਡੀ ਖੁਸ਼ੀ ਦੀ ਗੱਲ ਹੈ ਕਿ ਸਾਨੂੰ ਜਲੰਧਰ ਤੋਂ 4 ਏਕੜ ਜ਼ਮੀਨ ਮਿਲਦੀ ਪਈ ਹੈ। ਅਸੀਂ ਜਲੰਧਰ ਅਤੇ ਗੁਰਦਾਸਪੁਰ ਦੇ ਬੱਚਿਆਂ ਨੂੰ ਪਲੇਸਮੈਂਟ ਵਾਸਤੇ ਇਕੋ ਜਿਹੀ ਸਹੂਲਤ ਦੇ ਰਹੇ ਹਾਂ।ਪਿਛਲੇ ਸਾਲ ਗੁਰਦਾਸਪੁਰ ਕੈਂਪਸ ਵਿਖੇ ਵੀ ਬੀ.ਟੈਕ. ਇਲੈਕਟ੍ਰੋਨਿਕਸ ਅਤੇ ਕੰਪਿਊਟਰ ਸਾਇੰਸ ਵਿਚ 60 ਤੋਂ ਵਧਾ ਕੇ 120 ਸੀਟਾਂ ਕੀਤੀਆਂ ਗਈਆਂ ਹਨ। ਦੋ ਕਰੋੜ ਰੁਪਏ ਲਗਾ ਕੇ ਇਸ ਕੈਂਪਸ ਦਾ ਇਨਫਰਾਸਟਰਕਚਰ ਵੀ ਵਧੀਆ ਕਰ ਰਹੇ ਹਾਂ। ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਲਾਡੋਵਾਲੀ ਰੋਡ, ਜਲੰਧਰ ਵਿਖੇ 900 ਵਿਦਿਆਰਥੀਆਂ ਦੀ ਸਮਰਥਾ ਸੀ, ਉਹ 1500-1600 ਕਰ ਰਹੇ ਹਾਂ। ਸਠਿਆਲਾ ਕੈਂਪਸ ਅਤੇ

ਸੁਲਤਾਨਪੁਰ ਲੋਧੀ ਕੈਂਪਸ ਵਿਖੇ ਵੀ 2000-2500 ਦੀ ਸਮਰਥਾ ਲਈ ਪ੍ਰਬੰਧ ਕੀਤੇ ਜਾ ਰਹੇ ਹਨ।

ਡਾ. ਵਿਕਰਮ ਚੱਢਾ

ਉਨ੍ਹਾਂ ਯੂਨੀਵਰਸਿਟੀ ਵਿਚ ਉੱਚ-ਕੋਟੀ ਦੇ ਵਿਦਿਅਕ ਮਿਆਰ ਲਈ ਵਾਈਸ-ਚਾਂਸਲਰ ਸਾਹਿਬ ਦੇ ਯਤਨਾਂ ਦੀ ਸ਼ਲਾਘਾ ਕੀਤੀ।

ਵਾਈਸ-ਚਾਂਸਲਰ ਸਾਹਿਬ

ਉਨ੍ਹਾਂ ਕਿਹਾ ਕਿ ਕਰੈਡਿਟ ਬੇਸਡ ਸਿਸਟਮ ਸਾਰੇ ਵਿਭਾਗਾਂ ਵਿਚ ਸ਼ੁਰੂ ਕੀਤਾ ਗਿਆ ਹੈ।ਸਮੈਸਟਰ ਸਿਸਟਮ ਪੋਸਟ-ਗ੍ਰੈਜੂਏਟ ਲੈਵਲ 'ਤੇ ਇਸ ਸਾਲ ਤੋਂ ਸ਼ੁਰੂ ਕੀਤਾ ਗਿਆ ਹੈ। ਕਾਲਜਾਂ ਵਿਚ ਅਗਲੇ ਸਾਲ ਤੋਂ ਗ੍ਰੈਜੂਏਸ਼ਨ ਲੈਵਲ 'ਤੇ ਸਮੈਸਟਰ ਸਿਸਟਮ ਲਾਗੂ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਅਤੇ ਯੂਨੀਵਰਸਿਟੀ ਵਿਚ ਅਸਾਮੀਆਂ ਉਤੇ ਭਰਤੀ ਲਈ ਉੱਚ ਮਿਆਰ ਨੂੰ ਹੀ ਤਰਜ਼ੀਹ ਦਿੱਤੀ ਗਈ ਹੈ।ਸਿਲੇਬਸ ਵੀ ਅਪਡੇਟ ਕੀਤੇ ਗਏ ਹਨ। ਯੂਨੀਵਰਸਿਟੀ ਨੂੰ ਗ੍ਰਾਂਟ ਪ੍ਰਾਪਤ ਹੋਈ ਸੀ, ਜਿਸ ਨਾਲ ਇੰਸਟਰੂਮੈਂਟ ਖਰੀਦੇ ਗਏ ਹਨ। ਅਧਿਆਪਨ ਨੂੰ ਪ੍ਰਮੋਟ ਕੀਤਾ ਜਾਵੇਗਾ ਅਤੇ ਇਨਫਰਾਸਟਰਕਚਰ ਨੂੰ ਅਪ-ਗ੍ਰੇਡ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਵਿਖੇ ਬਿਜਲੀ ਦੀ ਨਿਰਵਿਘਨ ਪੂਰਤੀ ਲਈ ਨਵੇਂ ਜਨਰੇਟਰਾਂ ਦੀ ਖਰੀਦ ਕੀਤੀ ਜਾ ਰਹੀ ਹੈ।ਨਵੀਂਆਂ ਲੈਬਾਰਟਰੀਆਂ ਬਣਾਈਆਂ ਜਾ ਰਹੀਆਂ ਹਨ ਅਤੇ ਇਹ ਲੈਬਾਰਟਰੀਆਂ ਡੀ.ਜੀ. ਨਾਲ ਕੁਨੈਕਟ ਕੀਤੀਆਂ ਜਾਣਗੀਆਂ। ਯੂਨੀਵਰਸਿਟੀ ਵਿਖੇ ਪੱਖੇ, ਏ.ਸੀ. ਅਤੇ ਲਾਈਟਾਂ 750 ਕਿਲੋਵਾਟ ਡੀ.ਜੀ. ਸਿਸਟਮ 'ਤੇ ਚਲਾਏ ਜਾਣਗੇ। ਜਿਹੜੇ ਪਹਿਲਾਂ ਏ.ਸੀ. ਬੰਦ ਨਹੀਂ ਸੀ ਕਰਦੇ, ਸਾਨੂੰ ਉਨ੍ਹਾਂ ਨੂੰ ਜਾ ਕੇ ਕਹਿਣਾ ਪੈਂਦਾ ਸੀ।ਨਵੀਆਂ ਉਸਾਰੀਆਂ ਜਾਣ ਵਾਲੀਆਂ ਇਮਾਰਤਾਂ ਵਿਚ ਇਹ ਸਿਸਟਮ ਪਹਿਲਾਂ ਹੀ ਲਗਾ ਦਿੱਤਾ ਜਾਵੇਗਾ। 24 ਘੰਟੇ ਬਿਜਲੀ ਰਹੇਗੀ। ਸਾਡੇ ਕੋਲ ਹੋਟ ਲਾਈਨ ਹੈ।

ਡਾ. ਸੁਰਜੀਤ ਪਾਤਰ

ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦਾ ਮਾਣ ਹੈ ਕਿ ਉਹ ਇਸ ਯੂਨੀਵਰਸਿਟੀ ਨਾਲ ਜੁੜੇ ਹੋਏ ਹਨ। ਇਹ ਯੂਨੀਵਰਸਿਟੀ ਨੈਸ਼ਨਲ ਅਤੇ ਇੰਟਰਨੈਸ਼ਨਲ ਪੱਧਰ 'ਤੇ ਹੈ।ਇਥੇ ਵੀ ਪੋਲੀਟੀਕਲ ਵਰਕ ਹੋ ਸਕਦਾ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ, ਬਾਣੀ ਅਤੇ ਸਿੱਖਿਆਵਾਂ ਬਾਰੇ ਇਕ ਫਿਲਮ ਤਿਆਰ ਹੋਣੀ ਚਾਹੀਦੀ ਹੈ। ਉਸ ਦੀਆਂ ਸੀ.ਡੀਜ਼ ਤਿਆਰ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਜਿਹੜਾ ਵੀ ਕੋਈ ਵਿਜ਼ਟਰ ਯੂਨੀਵਰਸਿਟੀ ਵਿਖੇ ਆਵੇ, ਉਨ੍ਹਾਂ ਨੂੰ ਭੇਟਾ ਕੀਤੀਆਂ ਜਾ ਸਕਣ।

ਵਾਈਸ-ਚਾਂਸਲਰ ਸਾਹਿਬ

ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਲਾਹ ਨੂੰ ਪ੍ਰਵਾਨ ਕਰਦੇ ਹਨ। ਉਨ੍ਹਾਂ ਡਾ. ਸੁਰਜੀਤ ਪਾਤਰ ਨੂੰ ਕੋਆਰਡੀਨੇਟਰ ਬਣਨ ਲਈ ਕਿਹਾ ਅਤੇ ਭਰੋਸਾ ਦਿੱਤਾ ਕਿ ਗੁਰੂ ਨਾਨਕ ਸਟੱਡੀਜ਼ ਵਿਭਾਗ ਵੱਲੋਂ ਉਨ੍ਹਾਂ ਨੂੰ ਸਹਿਯੋਗ ਦਿੱਤਾ ਜਾਵੇਗਾ।ਇਸ ਲਈ ਬੇਸ਼ੱਕ ਇਕ ਕਮੇਟੀ ਬਣਾ ਲਈ ਜਾਵੇ। ਸੈਨੇਟ ਦੇ ਮੈਂਬਰ ਵੀ ਇਸ ਕੰਮ ਵਿਚ ਆਪਣਾ ਯੋਗਦਾਨ ਦੇ ਸਕਦੇ ਹਨ।

ਪ੍ਰੋ. ਮਨਜੀਤ ਸਿੰਘ, ਪਟਿਆਲਾ

ਉਨ੍ਹਾਂ ਕਿਹਾ ਕਿ ਜੇਕਰ ਵਿਦਿਆਰਥੀਆਂ ਦੀ ਗਿਣਤੀ ਵਧਾਉਣੀ ਹੈ ਤਾਂ ਇਨਫਰਾਸਟਰਕਚਰ ਵੀ ਵਧਾਉਣਾ ਪਵੇਗਾ।ਇਸ ਲਈ ਪੰਜਾਬ ਸਰਕਾਰ ਨੂੰ ਸਹਾਇਤਾ ਕਰਨ ਲਈ ਕਿਹਾ ਜਾਣਾ ਚਾਹੀਦਾ ਹੈ।

ਪ੍ਰਿੰਸੀਪਲ ਨਾਨਕ ਸਿੰਘ

ਉਨ੍ਹਾਂ ਕਿਹਾ ਕਿ ਸਾਲਾਨਾ ਰਿਪੋਰਟ ਬਹੁਤ ਵਧੀਆ ਹੈ। ਇਸ ਤੋਂ ਇਲਾਵਾ ਪਿਛਲੇ ਸਾਲ ਸੈਮੀਨਾਰਾਂ ਦੀ ਗਿਣਤੀ 8 ਸੀ, ਜੋ ਇਸ ਸਾਲ 17 ਹੈ। ਆਉਣ ਵਾਲੇ ਸਮੇਂ ਵਿਚ ਇਨ੍ਹਾਂ ਸੈਮੀਨਾਰਾਂ ਦੀ ਗਿਣਤੀ ਵਧਦੀ ਜਾਣੀ ਹੈ। ਯੂਥ ਵੈਲਫੇਅਰ ਵਿਭਾਗ ਵੱਲੋਂ ਇਕ ਤਿੰਨ ਦਿਨਾਂ ਵਰਕਸ਼ਾਪ ਲਗਾਈ ਗਈ ਸੀ, ਜਿਸ ਨਾਲ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਕਾਫੀ ਫਾਇਦਾ ਹੋਇਆ ਹੈ। ਇਸ ਵਾਸਤੇ ਵਾਈਸ-ਚਾਂਸਲਰ ਸਾਹਿਬ ਵਿਸ਼ੇਸ਼ ਵਧਾਈ ਦੇ ਹੱਕਦਾਰ ਹਨ।ਇਹ ਸਭ ਉਨ੍ਹਾਂ ਦੀ ਰਹਿਨੁਮਾਈ ਕਰਕੇ ਹੋਇਆ ਹੈ। ਗੈਰ ਅਧਿਆਪਨ ਅਮਲਾ ਵੀ ਵਧਾਈ ਦਾ ਹੱਕਦਾਰ ਹੈ।

ਡਾ.(ਮਿਸਿਜ਼) ਸੁਰਿੰਦਰਪਾਲ ਕੌਰ ਢਿੱਲੋਂ

ਉਨ੍ਹਾਂ ਵਾਈਸ-ਚਾਂਸਲਰ ਸਾਹਿਬ ਨੂੰ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ 'ਤੇ ਵਧਾਈ ਦਿੱਤੀ। ਲਾਇਲਪੁਰ ਖਾਲਸਾ ਕਾਲਜ, ਜਲੰਧਰ ਨੂੰ ਹਿੰਦੁਸਤਾਨ ਵਿਚ ਤੀਸਰੇ ਸਥਾਨ 'ਤੇ ਆਉਣ ਲਈ ਉਨ੍ਹਾਂ ਡਾ. ਜਸਪਾਲ ਸਿੰਘ ਰੰਧਾਵਾ ਨੂੰ ਵਧਾਈ ਦਿੱਤੀ। ਉਨ੍ਹਾਂ ਦੱਸਿਆ ਕਿ ਖਾਲਸਾ ਕਾਲਜ, ਅੰਮ੍ਰਿਤਸਰ ਬੀ.ਐਡ. ਕਾਲਜਾਂ ਵਿਚੋਂ ਪਹਿਲੇ ਸਥਾਨ 'ਤੇ ਆਇਆ ਹੈ।

**ਪਾਸ ਹੋਇਆ** ਕਿ ਸਾਲ 2010 ਲਈ ਯੂਨੀਵਰਸਿਟੀ ਦੀ 41ਵੀਂ ਸਾਲਾਨਾ ਰਿਪੋਰਟ (**ਅੰਤਿਕਾ** ਅਨੁਸਾਰ) ਪਰਵਾਨ ਕੀਤੀ ਜਾਂਦੀ ਹੈ।

ਕਾਲਜਾਂ/ਇੰਸਟੀਚਿਊਟ ਨੂੰ ਸਬੰਧਤਾ ਪਰਦਾਨ ਕਰਨ/ਕੋਰਸਾਂ ਦੇ ਨਾਂ/ਆਨਰਜ਼ ਕੋਰਸਾਂ ਵਿਚ ਤਬਦੀਲ ਕਰਨ ਦੀ ਪਰਵਾਨਗੀ।

5. ਸਿੰਡੀਕੇਟ ਦੀਆਂ ਹੇਠ ਲਿਖੀਆਂ ਸਿਫਾਰਸ਼ਾਂ ਤੇ ਵਿਚਾਰ ਹੋਈ:-

(i) ਯੂ.ਜੀ.ਸੀ. ਦੁਆਰਾ ਵਿਦਿਅਕ ਤੌਰ ਤੇ ਪਿਛੜੇ ਜਿਲਿਆਂ ਵਿਚ ਇਸ ਯੂਨੀਵਰਸਿਟੀ ਦੇ ਅਧਿਕਾਰ ਖੇਤਰ ਵਿਚ ਸਥਾਪਤ ਚਾਰ ਮਾਡਲ ਕਾਲਜਾਂ- ਮਿਠੜਾ ਕਾਲਜ ਆਫ ਆਰਟਸ, ਸਾਇੰਸ ਐਂਡ ਕਮਰਸ, ਕਪੂਰਥਲਾ; ਚੁੰਘ ਕਾਲਜ ਆਫ ਆਰਟਸ, ਸਾਇੰਸ ਐਂਡ ਕਮਰਸ, ਤਰਨ ਤਾਰਨ; ਨਰੋਟ ਜੈਮਲ ਸਿੰਘ ਕਾਲਜ ਆਫ ਆਰਟਸ, ਸਾਇੰਸ ਐਂਡ ਕਮਰਸ, ਗੁਰਦਾਸਪੁਰ ਅਤੇ ਵੇਰਕਾ ਕਾਲਜ ਆਫ ਆਰਟਸ, ਸਾਇੰਸ ਐਂਡ ਕਮਰਸ, ਵੇਰਕਾ, ਅੰਮ੍ਰਿਤਸਰ ਨੂੰ, ਹੇਠ ਲਿਖੇ ਨਾਵਾਂ ਅਨੁਸਾਰ ਸਬੰਧਤਾ ਪਰਦਾਨ ਕੀਤੀ ਜਾਂਦੀ ਹੈ:-

1. ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੜਾ, ਕਪੂਰਥਲਾ।
2. ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ, ਤਰਨ ਤਾਰਨ।
3. ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ, ਗੁਰਦਾਸਪੁਰ।
4. ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ, ਅੰਮ੍ਰਿਤਸਰ।

(ਸਿੰਡੀਕੇਟ ਪੈਰਾ 45 ਮਿਤੀ 18.5.2011)

(ii) ਸੈਸ਼ਨ 2011-12 ਤੋਂ B.Sc. Microbiology(Vocational) ਦਾ ਨਾਮ Microbiology (Elective Subject) ਪਰਵਾਨ ਕੀਤਾ ਜਾਂਦਾ ਹੈ ਅਤੇ Microbiology ਵਿਸ਼ੇ ਨੂੰ Vocational subject ਵਿਚੋਂ delete ਕੀਤਾ ਜਾਂਦਾ ਹੈ।

(ਸਿੰਡੀਕੇਟ ਪੈਰਾ 46(viii) ਮਿਤੀ 18.5.2011)

(iii) ਯੂਨੀਵਰਸਿਟੀ ਕੈਂਪਸ ਵਿਚ ਫੈਕਲਟੀ ਆਫ ਆਰਟਸ ਤੇ ਸੋਸ਼ਲ ਸਾਇੰਸਜ਼, ਫੈਕਲਟੀ ਆਫ ਲੈਂਗੂਏਜ਼ਿਜ, ਫੈਕਲਟੀ ਆਫ ਵਿਜ਼ੂਅਲ ਐਂਡ ਪਰਫਾਰਮਿੰਗ ਆਰਟਸ ਅਧੀਨ ਚਲ ਰਹੇ postgraduate, ਐਮ.ਕਾਮ, ਐਲ.ਐਲ.ਬੀ. (ਤਿੰਨ ਸਾਲਾ) ਕੋਰਸਜ਼ ਜਿਹੜੇ ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਕਾਲਜਾਂ ਨਾਲ common ਹਨ, ਨੂੰ ਹੋਰ ਐਡਵਾਂਸ ਕਰ ਕੇ ਆਨਰਜ਼ ਕੋਰਸਜ਼ ਵਿਚ ਤਬਦੀਲ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

(ਸਿੰਡੀਕੇਟ ਪੈਰਾ 55 ਮਿਤੀ 18.5.2011)

(iv) ਰਿਜਨਲ ਕੈਂਪਸ, ਜਲੰਧਰ ਅਤੇ ਰਿਜਨਲ ਕੈਂਪਸ, ਗੁਰਦਾਸਪੁਰ ਵਿਖੇ ਚਲ ਰਹੇ ਕ੍ਰਮਵਾਰ ਬੀ.ਏ.ਐਲ.ਐਲ.ਬੀ.(Hons.) FYIC ਅਤੇ ਐਲ.ਐਲ.ਬੀ.(FYIC) ਕੋਰਸਾਂ ਵਿਚ ਇਕਸਾਰਤਾ ਲਿਆਉਣ ਲਈ ਉਕਤ ਕੋਰਸਾਂ ਦਾ Nomenclature B.A., L.L.B.(Hons.) FYIC ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

(ਸਿੰਡੀਕੇਟ ਪੈਰਾ 56 ਮਿਤੀ 18.5.2011)

(v) ਸੰਤ ਬਾਬਾ ਭਾਗ ਸਿੰਘ ਇੰਸਟੀਚਿਊਟ ਆਫ ਐਜੂਕੇਸ਼ਨ, ਜਲੰਧਰ ਨੂੰ ਪੱਕੀ ਸਬੰਧਤਾ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

(ਸਿੰਡੀਕੇਟ ਪੈਰਾ 12 ਮਿਤੀ 24.6.2011)

**ਪਾਸ ਹੋਇਆ** ਕਿ ਸਿੰਡੀਕੇਟ ਦੀਆਂ ਉਕਤ ਸਿਫ਼ਾਰਸ਼ਾਂ ਪਰਵਾਨ ਕੀਤੀਆਂ ਜਾਂਦੀਆਂ ਹਨ।

ਵਾਈਸ-ਚਾਂਸਲਰ ਸਾਹਿਬ ਦਾ ਬਿਆਨ।

6. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਵਾਈਸ-ਚਾਂਸਲਰ ਸਾਹਿਬ ਨੇ ਦੱਸਿਆ ਕਿ :-

1. ਮਾਨਯੋਗ ਪ੍ਰਧਾਨ ਮੰਤਰੀ ਜੀ ਦੀ ਘੋਸ਼ਣਾ ਅਧੀਨ ਯੂਨੀਵਰਸਿਟੀ ਵਿਖੇ Centre on Studies in Sri Guru Granth Sahib ਨੇ ਅਪ੍ਰੈਲ 1, 2011 ਤੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ।

2. ਪੰਜਾਬ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਕੈਂਪਸ ਵਿਖੇ ਲੜਕੀਆਂ ਦੇ ਹੋਸਟਲ ਦੀ ਉਸਾਰੀ ਲਈ 9.00 ਕਰੋੜ ਰੁਪਏ; ਅਤੇ ਰਿਜਨਲ ਕੈਂਪਸ, ਸਠਿਆਲਾ ਵਿਖੇ ਹੋਸਟਲ ਦੀ ਉਸਾਰੀ ਲਈ 5.00 ਕਰੋੜ ਦੀ ਗ੍ਰਾਂਟ ਪ੍ਰਾਪਤ ਹੋਈ ਹੈ।

3. ਯੂਨੀਵਰਸਿਟੀ ਨੂੰ ਭਾਰਤ ਸਰਕਾਰ ਦੇ Department of Science & Technology ਵੱਲੋਂ ਸਾਲ 2011-14 ਲਈ PURSE Programme ਅਧੀਨ ਖੋਜ ਕਾਰਜਾਂ ਨੂੰ ਵਧੇਰੇ ਉਤਸ਼ਾਹਿਤ ਕਰਨ ਅਤੇ ਸਾਝੇ ਸਾਮਾਨ ਖਰੀਦਣ ਲਈ 9.00 ਕਰੋੜ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਈ ਹੈ। ਯੂਨੀਵਰਸਿਟੀ ਨੇ Scientific Research ਦੇ ਖੇਤਰ ਵਿਚ ਭਾਰਤ ਦੀਆਂ ਯੂਨੀਵਰਸਿਟੀਆਂ ਵਿਚੋਂ ਅੱਠਵਾਂ ਸਥਾਨ ਹਾਸਲ ਕੀਤਾ ਹੈ।

4. ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ ਬੈਚ-2011 ਦੇ ਕੁੱਲ 701 ਵਿਦਿਆਰਥੀਆਂ ਦੀ ਦੇਸ਼ ਦੀਆਂ ਨੈਸ਼ਨਲ ਅਤੇ ਮਲਟੀ-ਨੈਸ਼ਨਲ ਕੰਪਨੀਆਂ ਵਿਚ ਪਲੇਸਮੈਂਟ ਹੋਈ ਹੈ, ਜੋ ਇਕ ਰਿਕਾਰਡ ਹੈ। ਇਸ ਤੋਂ ਇਲਾਵਾ ਹੁਣ ਤੱਕ ਬੈਚ-2012 ਦੇ 428 ਵਿਦਿਆਰਥੀਆਂ ਨੂੰ ਵੱਖ-ਵੱਖ ਕੰਪਨੀਆਂ ਦੁਆਰਾ ਰੋਜ਼ਗਾਰ ਦੀ ਪੇਸ਼ਕਸ ਕੀਤੀ ਗਈ ਹੈ।

5. ਭਾਬਾ ਅਟੋਮਿਕ ਰਿਸਰਚ ਸੈਂਟਰ, ਮੁੰਬਈ ਦੇ ਬੋਰਡ ਆਫ ਰਿਸਰਚ ਇਨ ਨਿਊਕਲੀਅਰ ਸਾਇੰਸਜ਼ ਵੱਲੋਂ ਫਿਜ਼ਿਕਸ ਵਿਭਾਗ ਦੇ ਪ੍ਰੋਫੈਸਰ ਸੁਰਿੰਦਰ ਸਿੰਘ ਨੂੰ Radon/Thoron and progeny measurements in the dwellings of Himachal and high heat-producing granitic regions of Tosham in Bhiwani district of Harayana 'ਤੇ ਕੰਮ ਕਰਨ ਲਈ 27 ਲੱਖ ਰੁਪਏ ਦਾ ਤਿੰਨ-ਸਾਲਾ ਖੋਜ ਪ੍ਰੋਜੈਕਟ ਦਿੱਤਾ ਗਿਆ ਹੈ।

6. ਯੂਨੀਵਰਸਿਟੀ ਗਰਾਂਟਸ ਕਮਿਸ਼ਨ ਵੱਲੋਂ ਯੂਨੀਵਰਸਿਟੀ ਦੇ ਪੋਲੀਟੀਕਲ ਸਾਇੰਸ ਵਿਭਾਗ ਨੂੰ Indian Politics with Special reference to state Politics ਵਿਸ਼ੇ 'ਤੇ ਕੰਮ ਕਰਨ ਲਈ Special Assistance Programme (SAP) ਅਧੀਨ 40.00 ਲੱਖ ਰੁਪਏ ਦੀ ਗ੍ਰਾਂਟ ਮਨਜ਼ੂਰ ਕੀਤੀ ਗਈ ਹੈ। ਇਸ ਪ੍ਰੋਜੈਕਟ ਦੇ ਕੋਆਰਡੀਨੇਟਰ, ਪ੍ਰੋਫੈਸਰ ਕੁਲਦੀਪ ਸਿੰਘ ਅਤੇ ਡਿਪਟੀ ਕੋਆਰਡੀਨੇਟਰ, ਪ੍ਰੋਫੈਸਰ ਜਗਰੂਪ ਸਿੰਘ ਹੋਣਗੇ।

7. ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ (ICMR), ਨਵੀਂ ਦਿੱਲੀ ਵੱਲੋਂ ਹਿਊਮਨ ਜੈਨੇਟਿਕਸ ਵਿਭਾਗ ਦੀ ਐਸੋਸੀਏਟ ਪ੍ਰੋਫੈਸਰ ਡਾ. ਗੁਰਸਤੇਜ ਗਾਂਧੀ ਨੂੰ ਮੋਬਾਈਲ ਫੋਨ ਬੇਸ ਸਟੇਸ਼ਨਾਂ ਦੇ ਆਸੇ-ਪਾਸੇ ਦੇ ਖੇਤਰ ਵਿਚ ਰਹਿਣ ਵਾਲੇ ਵਿਅਕਤੀਆਂ ਦੀ ਵੰਸ਼ਕ ਬਹੁਰੂਪਤਾ, ਡੀ.ਐਨ.ਏ. ਨੁਕਸਾਨ ਤੇ ਤਣਾਅ ਸਥਿਤੀਆਂ ਬਾਰੇ ਅਧਿਐਨ ਕਰਨ ਲਈ 26.44 ਲੱਖ ਰੁਪਏ ਦਾ ਖੋਜ ਪ੍ਰੋਜੈਕਟ ਦਿੱਤਾ ਗਿਆ ਹੈ।

8. ਐਸੋਸ਼ੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼ ਵੱਲੋਂ ਫਿਜੀਕਲ ਐਜੂਕੇਸ਼ਨ ਵਿਭਾਗ ਦੇ ਡਾਇਰੈਕਟਰ ਸਪੋਰਟਸ, ਪ੍ਰੋਫੈਸਰ ਕੰਵਲਜੀਤ ਸਿੰਘ ਨੂੰ National Handball Federation of India ਲਈ ਸਾਲ 2011-12 ਵਾਸਤੇ ਆਪਣਾ ਪ੍ਰਤੀਨਿਧ ਨਾਮਜ਼ਦ ਕੀਤਾ ਗਿਆ ਹੈ।

9. ਫੈਕਲਟੀ ਆਫ ਸਪੋਰਟਸ ਮੈਡੀਸਨ ਐਂਡ ਫਿਜੀਓਥਰਾਪੀ ਦੇ ਡੀਨ, ਪ੍ਰੋਫੈਸਰ ਜਸਪਾਲ ਸਿੰਘ ਸੰਧੂ-ਏਸ਼ੀਅਨ ਫੈਡਰੇਸ਼ਨ ਆਫ ਸਪੋਰਟਸ ਮੈਡੀਸਨ ਦੇ ਜਨਰਲ ਸਕੱਤਰ ਚੁਣੇ ਗਏ ਹਨ। ਇਹ ਪੁਜੀਸ਼ਨ ਪ੍ਰਾਪਤ ਕਰਨ ਵਾਲੇ ਉਹ ਪਹਿਲੇ ਭਾਰਤੀ ਹਨ।

10. ਯੂਨੀਵਰਸਿਟੀ ਦੇ ਫੈਕਲਟੀ ਆਫ ਅਪਲਾਈਡ ਸਾਇੰਸਜ਼ ਦੇ ਡੀਨ, ਪ੍ਰੋਫੈਸਰ ਨਰਪਿੰਦਰ ਸਿੰਘ ਨੂੰ ਇੰਡੀਅਨ ਕੌਂਸਿਲ ਆਫ ਐਗਰੀਕਲਚਰਲ ਰਿਸਰਚ ਵੱਲੋਂ ਸਾਲ 2010 ਦੇ ਰਫ਼ੀ ਅਹਿਮਦ ਕਿਦਵਈ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਉਨ੍ਹਾਂ ਨੂੰ ਇਹ ਅਵਾਰਡ 16 ਜੁਲਾਈ ਨੂੰ ਨਵੀਂ ਦਿੱਲੀ ਵਿਖੇ ਹੋਏ 83ਵੇਂ ਆਈ.ਸੀ.ਏ.ਆਰ. ਸਥਾਪਨਾ ਦਿਵਸ ਸਮਾਰੋਹ ਵਿਚ ਦਿੱਤਾ ਗਿਆ।

11. ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ; ਹਿਊਮਨ ਜੈਨੇਟਿਕਸ ਵਿਭਾਗ; ਸੰਸਕ੍ਰਿਤ, ਪਾਲੀ ਅਤੇ ਪ੍ਰਾਕ੍ਰਿਤ ਵਿਭਾਗ; ਇਤਿਹਾਸ ਵਿਭਾਗ; ਬੋਟਾਨੀਕਲ ਅਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ; ਗੁਰੂ ਨਾਨਕ ਅਧਿਐਨ ਵਿਭਾਗ; ਪੰਜਾਬ ਸਕੂਲ ਆਫ ਇਕਨਾਮਿਕਸ; ਸਕੂਲ ਆਫ ਸੋਸ਼ਲ ਸਾਇੰਸਜ਼; ਕਾਨੂੰਨ ਵਿਭਾਗ; ਅਤੇ ਹਿੰਦੀ ਵਿਭਾਗ ਵੱਲੋਂ ਫਰਵਰੀ 2011 ਤੋਂ ਬਾਅਦ ਹੁਣ ਤੱਕ ਦੇ ਸਮੇਂ ਦੌਰਾਨ ਕਾਨਫ੍ਰੰਸ/ਵਰਕਸ਼ਾਪ/ਸੈਮੀਨਾਰ ਆਯੋਜਿਤ ਕੀਤੇ ਗਏ।

12. ਯੂਨੀਵਰਸਿਟੀ ਦੇ Department of Physical Education (AT) ਦੀਆਂ ਹੇਠ ਲਿਖੇ ਅਨੁਸਾਰ ਗਤੀਵਿਧੀਆਂ/ਪ੍ਰਾਪਤੀਆਂ ਵਿਸ਼ੇਸ ਹਨ:

(ੳ) ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਇਸਤਰੀਆਂ ਅਤੇ ਮਰਦਾਂ ਦੀਆਂ ਟੀਮਾਂ ਨੇ ਆਲ ਇੰਡੀਆਂ ਇੰਟਰ ਯੂਨੀਵਰਸਿਟੀ ਚੈਂਪੀਅਨਸ਼ਿਪ ਖੇਡਾਂ ਦੇ 9 ਵਰਗਾਂ ਵਿਚ ਪਹਿਲੀ ਪੁਜੀਸ਼ਨ; 8 ਵਿਚ ਉਪ-ਵਿਜੇਤਾ; 6 ਵਿਚ ਤੀਜੀ; ਅਤੇ 4 ਵਰਗਾਂ ਵਿਚ ਚੌਥੀ ਪੁਜੀਸ਼ਨ ਹਾਸਲ ਕੀਤੀ ਹੈ।

(ਅ) ਯੂਨੀਵਰਸਿਟੀ ਦੇ ਉੱਘੇ ਸ਼ੂਟਰ, ਅਮਨਪ੍ਰੀਤ ਸਿੰਘ ਨੇ ਸਿਡਨੀ, ਆਸਟ੍ਰੇਲੀਆ ਵਿਖੇ 21-30 ਮਾਰਚ, 2011 ਨੂੰ ਹੋਈ ISSF World Cup Pistol; Shooting Championship ਅਤੇ 11-19 ਅਪ੍ਰੈਲ, 2011 ਨੂੰ Changwon(Korea) ਵਿਖੇ ਹੋਈ ISSF World Cup Pistol Shooting Championship ਵਿਚ ਹਿੱਸਾ ਲਿਆ। ਇਸ ਤੋਂ ਇਲਾਵਾ 14-22 ਮਈ, 2011 ਨੂੰ Fort Benning(USA) ਵਿਖੇ ਅਤੇ 16 ਤੋਂ 23 ਜੂਨ, 2011 ਨੂੰ Munich (Germany) ਵਿਖੇ ਹੋ ਰਹੀ ISSF World Cup Pistol Shooting Championship ਵਿਚ ਹਿੱਸਾ ਲੈਣ ਲਈ Indian Shooting Team ਵਿਚ ਵੀ ਉਸ ਦੀ ਚੋਣ ਹੋਈ ਹੈ।

(ੲ) ਯੂਨੀਵਰਸਿਟੀ ਦੀ International Archer ਸੀਮਾ ਵਰਮਾ ਨੇ Porec, Croatia ਵਿਖੇ ਮਿਤੀ 2-7 ਮਈ, 2011 ਨੂੰ ਹੋਏ Ist Series World Cup Archery Tournament ਵਿਚ ਹਿੱਸਾ ਲਿਆ। ਸੀਮਾ ਵਰਮਾ ਦਾ World Cup Tournament ਵਿਚ ਸਤਵੀਂ ਰੈਂਕਿੰਗ ਸੀ।

(ਸ) ਯੂਨੀਵਰਸਿਟੀ ਦੀ ਅੰਤਰ-ਰਾਸ਼ਟਰੀ ਖਿਡਾਰਨ ਹਰਮਨਪ੍ਰੀਤ ਕੌਰ ਨੇ ਵੈਸਟ ਇੰਡੀਜ਼ ਵਿਖੇ 10-19 ਜਨਵਰੀ, 2011 ਨੂੰ ਹੋਈ ਇਕ-ਦਿਨਾ ਅੰਤਰ-

ਰਾਸ਼ਟਰੀ ਕ੍ਰਿਕਟ ਸੀਰੀਜ਼ ਵਿਚ ਹਿੱਸਾ ਲਿਆ। ਇਸ ਖਿਡਾਰਨ ਨੇ ਵੈਸਟ ਇੰਡੀਜ਼ ਵਿਰੁੱਧ 22-24, 2011 ਨੂੰ ਅਹਿਮਦਾਬਾਦ ਵਿਖੇ ਹੋਈ T-20 Series ਵਿਚ ਵੀ ਹਿੱਸਾ ਲਿਆ।

(ਹ) Olympics/ Asiad/ Commonwealth/ World Universidade/ Youth Olympics/ National and such other International Events ਵਿਚ ਯੂਨੀਵਰਸਿਟੀ ਦੇ ਮੈਡਲ ਪ੍ਰਾਪਤ ਕਰਨ ਵਾਲੇ ਖਿਡਾਰੀਆਂ ਨੂੰ ਮੁਫਤ ਪੜ੍ਹਾਈ ਦੀ ਸਹੂਲਤ ਦੇਣ ਦੀ ਸਕੀਮ ਤਿਆਰ ਕਰਨ ਵਾਸਤੇ ਯੂ.ਜੀ.ਸੀ. ਵੱਲੋਂ ਪ੍ਰੋਫੈਸਰ ਕੰਵਲਜੀਤ ਸਿੰਘ, ਡਾਇਰੈਕਟਰ ਸਪੋਰਟਸ ਦੀ ਚੇਅਰਮੈਨਸ਼ਿਪ ਅਧੀਨ ਇਕ Expert Committee ਬਣਾਈ ਗਈ ਹੈ।

13. ਯੂਨੀਵਰਸਿਟੀ ਦੇ ਯੁਵਕ ਭਲਾਈ ਵਿਭਾਗ ਵੱਲੋਂ ਇਸ ਸਾਲ ਗਰਮੀਆਂ ਦੌਰਾਨ ਹੇਠ ਲਿਖੇ ਅਨੁਸਾਰ ਕੈਂਪ ਲਗਾਏ ਗਏ:
   (ੳ) ਲੜਕੀਆਂ ਦਾ ਮਿਤੀ 2 ਤੋਂ 8 ਮਈ, 2011 ਤੱਕ ਯੂਥ ਲੀਡਰਸ਼ਿਪ ਟਰੇਨਿੰਗ ਕੈਂਪ
   (ਅ) ਲੜਕਿਆਂ ਦਾ ਮਿਤੀ 12 ਤੋਂ 18 ਮਈ, 2011 ਤੱਕ ਯੂਥ ਲੀਡਰਸ਼ਿਪ ਟਰੇਨਿੰਗ ਕੈਂਪ
   (ੲ) ਲੜਕੀਆਂ ਦਾ ਮਿਤੀ 23 ਤੋਂ 29 ਮਈ, 2011 ਤੱਕ ਅਤੇ ਮਿਤੀ 4 ਤੋਂ 10 ਜੂਨ, 2011 ਤੱਕ ਹਾਈਕਿੰਗ ਟਰੈਕਿੰਗ ਕੈਂਪ
   (ਸ) ਲੜਕਿਆਂ ਦਾ ਮਿਤੀ 16 ਤੋਂ 22 ਜੂਨ, 2011 ਤੱਕ ਹਾਈਕਿੰਗ ਟਰੈਕਿੰਗ ਕੈਂਪ

14. ਯੂਨੀਵਰਸਿਟੀ ਦੇ ਅਕਾਦਮਿਕ ਸਟਾਫ ਕਾਲਜ ਵੱਲੋਂ 4 ਮਈ 2011 ਤੋਂ 31 ਮਈ 2011 ਤੱਕ ਜਨਰਲ ਓਰੀਐਨਟੇਸ਼ਨ ਕੋਰਸ-85 ਅਤੇ ਮਿਤੀ 10.6.2011 ਤੋਂ 7.7.2011 ਤੱਕ ਚਾਰ ਹਫ਼ਤਿਆਂ ਦਾ ਇਕ ਹੋਰ ਜਨਰਲ ਓਰੀਐਂਟੇਸ਼ਨ ਕੋਰਸ-86 ਆਯੋਜਿਤ ਕੀਤਾ ਗਿਆ।

15. ਯੂਨੀਵਰਸਿਟੀ ਦੇ ਅਧਿਆਪਨ ਵਿਭਾਗਾਂ ਵਿਚ ਇਸ ਅਕਾਦਮਿਕ ਵਰ੍ਹੇ ਵੀ ਵੱਖ-ਵੱਖ ਕੋਰਸਾਂ ਵਿਚ ਆਨ-ਲਾਈਨ ਦਾਖਲੇ ਕੀਤੇ ਗਏ ਹਨ। ਇਸ ਯੂਨੀਵਰਸਿਟੀ ਤੋਂ ਪੋਸਟ ਗਰੈਜੂਏਸ਼ਨ ਕਰਨ ਵਾਲੇ ਰੈਗੂਲਰ ਅਤੇ ਪ੍ਰਾਈਵੇਟ ਵਿਦਿਆਰਥੀਆਂ ਲਈ ਇਸ ਅਕਾਦਮਿਕ ਸੈਸ਼ਨ ਤੋਂ ਸਮੈਸਟਰ ਸਿਸਟਮ ਲਾਗੂ ਕੀਤਾ ਗਿਆ ਹੈ। ਵੱਖ-ਵੱਖ ਕੋਰਸਾਂ ਲਈ ਪ੍ਰੀਖਿਆ ਦਾਖਲਾ ਫਾਰਮ ਯੂਨੀਵਰਸਿਟੀ ਦੀ ਵੈਬਸਾਈਟ 'ਤੇ ਉਪਲੱਬਧ ਕਰਵਾਏ ਗਏ ਹਨ ਅਤੇ ਇਸ ਵਾਰ ਅੰਡਰ-ਗਰੈਜੂਏਟ ਕੋਰਸਾਂ ਦੇ ਪ੍ਰੀਖਿਆ ਦਾਖਲਾ ਫਾਰਮ ਵੀ ਆਨ-ਲਾਈਨ ਪ੍ਰਾਪਤ ਕੀਤੇ ਜਾ ਰਹੇ ਹਨ। ਯੂਨੀਵਰਸਿਟੀ ਵੱਲੋਂ ਐਮ.ਬੀ.ਏ. ਅਤੇ ਐਮ.ਸੀ.ਏ. ਕੋਰਸਾਂ ਵਿਚ ਦਾਖਲੇ ਲਈ ਸਟੇਟ ਲੈਵਲ ਦਾ ਟੈਸਟ ਵੀ ਕਰਵਾਇਆ ਗਿਆ ਹੈ।

16. ਯੂਨੀਵਰਸਿਟੀ ਦੇ ਆਲ ਇੰਡੀਆ ਸਰਵਿਸਿਜ਼ ਪ੍ਰੀ-ਐਗਜਾਮੀਨੇਸ਼ਨ ਟ੍ਰੇਨਿੰਗ ਸੈਂਟਰ ਅਤੇ ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੇਟਿਵ ਐਗਜਾਮੀਨੇਸ਼ਨ ਤੋਂ ਟ੍ਰੇਨਿੰਗ ਲੈਣ ਉਪਰੰਤ ਦਸੰਬਰ, 2010 ਨੂੰ ਯੂ.ਜੀ.ਸੀ. ਨੈਟ ਦੀ ਪ੍ਰੀਖਿਆ ਵਿਚ ਯੂਨਵਿਰਸਿਟੀ ਦੇ ਪੰਜ ਵਿਦਿਆਰਥੀਆਂ ਨੇ ਸਫਲਤਾ ਹਾਸਲ ਕੀਤੀ ਹੈ। ਇਸ ਤੋਂ ਇਲਾਵਾ ਪੰਜਾਬੀ ਅਧਿਐਨ ਸਕੂਲ ਦੇ 17 ਵਿਦਿਆਰਥੀਆਂ ਨੇ ਇਹ ਪ੍ਰੀਖਿਆ ਪਾਸ ਕੀਤੀ ਹੈ। ਇਨ੍ਹਾਂ ਵਿਚੋਂ 11 ਵਿਦਿਆਰਥੀਆਂ ਨੇ ਜੇ.ਆਰ.ਐਫ.(JRF) ਵੀ ਪ੍ਰਾਪਤ ਕੀਤੀ ਹੈ।

**ਸੈਨੇਟ ਵੱਲੋਂ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ।**

ਯੂਨੀਵਰਸਿਟੀ ਦੀ 38ਵੀਂ ਕਨਵੋਕੇਸ਼ਨ 'ਤੇ ਦੋ ਪ੍ਰਤੀਸ਼ਠ ਵਿਅਕਤੀਆਂ ਨੂੰ ਸਨਮਾਨਾਰਥ **(Honoris Causa)** ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।

7. ਵਾਈਸ-ਚਾਂਸਲਰ ਸਾਹਿਬ ਦੀ ਸਿਫ਼ਾਰਸ਼ 'ਤੇ ਵਿਚਾਰ ਉਪਰੰਤ

ਸਰਬਸੰਮਤੀ ਨਾਲ **ਪਾਸ ਹੋਇਆ** ਕਿ ਹੇਠ ਲਿਖੇ ਦੋ ਪ੍ਰਤਿਸ਼ਠ ਵਿਅਕਤੀਆਂ ਨੂੰ, ਉਨ੍ਹਾਂ ਦੀ ਉਘੀ ਸ਼ਖਸ਼ੀਅਤ ਅਤੇ ਪ੍ਰਾਪਤੀਆਂ ਸਦਕਾ ਯੂਨੀਵਰਸਿਟੀ ਦੀ 38ਵੀਂ ਕਨਵੋਕੇਸ਼ਨ 'ਤੇ, ਹਰੇਕ ਅੱਗੇ ਦਰਸਾਏ ਅਨੁਸਾਰ, ਸਨਮਾਨਾਰਥ (Honoris Causa) ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| | |
|---|---|
| 1) Shri Narayana Murthy<br>(Chairman- Emeritus Infosis),<br>Infosis Limited, Electronics City,<br>Bangalore 560100, India | Doctor of Science in the Faculty of Sciences |
| 2) S. Kartar Singh Duggal<br>(Eminent Punjabi writer)<br>P-7, Hauz Khas,<br>New Delhi | Doctor of Literature in the Faculty of Languages |

ਇਹ **ਨੋਟ ਕੀਤਾ** ਕਿ ਯੂਨੀਵਰਸਿਟੀ ਦੀ 38ਵੀਂ ਕਨਵੋਕੇਸ਼ਨ 1 ਫਰਵਰੀ, 2012 ਨੂੰ ਯੂਨੀਵਰਸਿਟੀ ਕੈਂਪਸ ਵਿਖੇ ਹੋ ਰਹੀ ਹੈ। ਉਕਤ ਵਿਅਕਤੀਆਂ ਨੂੰ ਨਿਯਮਾਂ ਅਨੁਸਾਰ ਟੀ.ਏ./ਡੀ.ਏ. ਦੀ ਅਦਾਇਗੀ ਕੀਤੀ ਜਾਵੇਗੀ।

ਧੰਨਵਾਦ ਦੇ ਮਤੇ ਨਾਲ ਇਕੱਤਰਤਾ ਸਮਾਪਤ ਹੋਈ।

(ਇੰਦਰਜੀਤ ਸਿੰਘ)
ਰਜਿਸਟਰਾਰ

ਪੱਕੀ ਕੀਤੀ ਗਈ

(ਅ.ਸ. ਬਰਾੜ)
ਵਾਈਸ-ਚਾਂਸਲਰ